# ਮੈਨੂੰ ਬੁੱਧ ਹੋਣਾ ਚਾਹੀਦਾ



ਜਸਵੰਤ ਜ਼ਫ਼ਰ

Original Text;
Jaswant Singh Zafar
Digitized by;
Panjab Digital Library

*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library

# ਮੈਨੂੰ ਬੁੱਧੂ ਹੋਣਾ ਚਾਹੀਦਾ

*Original with;*
Jaswant Singh Zafar
*Digitized by;*
Panjab Digital Library

**ਲੇਖਕ ਦੀਆਂ ਹੋਰ ਪੁਸਤਕਾਂ:-**

| | |
|---|---|
| * ਦੋ ਸਾਹਾਂ ਵਿਚਕਾਰ | (ਕਵਿਤਾ) |
| * ਅਸੀਂ ਨਾਨਕ ਦੇ ਕੀ ਲਗਦੇ ਹਾਂ | (ਕਵਿਤਾ) |
| * ਸਿਖੁ ਸੁ ਖੋਜਿ ਲਹੈ | (ਨਿਬੰਧ) |
| * ਇਹ ਬੰਦਾ ਕੀ ਹੁੰਦਾ | (ਕਵਿਤਾ) |
| * ਮੈਨੂੰ ਇਉਂ ਲੱਗਿਆ | (ਨਿਬੰਧ) |
| * ਭਗਤੁ ਸਤਿਗੁਰੂ ਹਮਾਰਾ | (ਨਿਬੰਧ) |
| * ਪਿਆਰੇ ਆਓ ਘਰੇ | (ਕਵਿਤਾ) |
| * ਬੁੱਢਾ ਦਰਿਆ | (ਨਾਟਕ) |
| * ਨਾਨਕ ਏਵੈ ਜਾਣੀਐ | (ਨਿਬੰਧ) |
| * ਚਮੇਲੀ ਦਾ ਫੁੱਲ | (ਵਾਰਤਕ) |
| * जीती जागती बात | (ਚੋਣਵੀਆਂ ਕਵਿਤਾਵਾਂ ਦਾ ਹਿੰਦੀ ਅਨੁਵਾਦ) |
| * ਲਫ਼ਜ਼ਾਂ ਦਾ ਪਰਲਾ ਪੱਤਣ (The Other Shore of Words) | (ਚੋਣਵੀਆਂ ਕਵਿਤਾਵਾਂ ਦਾ ਅੰਗਰੇਜ਼ੀ ਅਨੁਵਾਦ) |

*Original with;*
Jaswant Singh Zafar
*Digitized by;*
Panjab Digital Library

# ਮੈਨੂੰ ਬੁੱਧੂ ਹੋਣਾ ਚਾਹੀਦਾ

(ਕਾਵਿ-ਸੰਗ੍ਰਹਿ)

**ਜਸਵੰਤ ਜ਼ਫ਼ਰ**

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

*Original with;*
Jaswant Singh Zafar
*Digitized by;*
Panjab Digital Library

# *Meinu Budhu Hona Chahida*

*Poems By*

**Jaswant Zafar** ©
#28, Basant Vihar, Jawaddi
Ludhiana-141013 (Pb.)
M. : +91-80540-04977
E-mail : jaszafar@yahoo.com

**ISBN : 978-81-960550-9-7**

**Rs. 250/-**

**2024**

*Printed and Bound In India*

Published by
A Group of

**Chetna Parkashan**
PUNJABI BHAWAN, LUDHIANA - 141001 (Pb.) INDIA
KOTKAPURA | CANADA | USA

**Gulati Publishers Ltd**
# 111, 8312-128 Street Surrey B.C. - V3W4G2
CANADA Ph : +1 604-750-0189
Ph. 0161-2413613, 2404928, (M) 98152-98459, 98762-07774
Ph.: 95011-45039
Website: www.chetnaparkashan.com
E-mail: chetnaparkashan@gmail.com, gulatipublishersltd@gmail.com
Printer : R.K. Offset, Delhi

All rights reserved
This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

follow us on : www.facebook.com/ChetnaParkashan
**Follow us on : Instagram / Chetna_Parkashan**

Original with: Jaswant Singh Zafar
Digitized by: Panjab Digital Library

ਡਾ. ਪਵਿੱਤਰ ਸਿੰਘ
ਰਣਜੀਤ ਸਿੰਘ ਖੈੜਾ
ਪ੍ਰੀਤਇੰਦਰ ਗਰੇਵਾਲ
ਲਈ

*Original with;*
Jaswant Singh Zafar
*Digitized by;*
Panjab Digital Library

ਪਹਿਲਾਂ ਪਾਣੀ ਬੀਜਿਆ ਆਈ ਉੱਗ ਹਵਾ।
ਬੱਦਲਾਂ ਦੇ ਫੁੱਲ ਖਿੜ ਗਏ ਅੰਬਰ ਝੂਮ ਪਿਆ।

•

*Original with;*
Jaswant Singh Zafar
*Digitized by;*
Panjab Digital Library

# ਤਤਕਰਾ


| | | |
|---|---|---|
| ਦੋ ਸ਼ਬਦ | *ਅਮਰਜੀਤ ਸਿੰਘ ਗਰੇਵਾਲ* | 11 |
| ਐ ਵਕਤ | ........................... | 19 |
| ਉਸ ਕਿਹਾ | ........................... | 20 |
| ਬੁੱਧੂ | ........................... | 21 |
| ਨਿਰਵਾਣ | ........................... | 22 |
| ਨਦੀ ਕਿ ਝੀਲ | ........................... | 24 |
| ਪੀਰ ਬੁੱਧੂ ਸ਼ਾਹ | ........................... | 26 |
| ਸੈਦਾ ਮਲਾਹ | ........................... | 28 |
| ਚੱਪੇ ਚੱਪੇ ਆਨੰਦਪੁਰ | ........................... | 32 |
| ਸ਼ੋਰ ਮੌਨ ਹੋ ਗਿਆ | ........................... | 34 |
| ਅਕੁਛ | ........................... | 35 |
| ਲਗਨ | ........................... | 36 |
| ਇੱਕੋ ਗੱਲ | ........................... | 37 |
| ਕੰਪਨ ਯਾਤਰਾ | ........................... | 38 |
| ਅੰਦਰਲਾ ਰੰਗ | ........................... | 39 |
| ਬਾਇਓਡੈਟਾ | ........................... | 40 |
| ਬੱਦਲ | ........................... | 42 |
| ਬਹਾਨਾ | ........................... | 43 |
| ਦੋ ਸਵਾਲ | ........................... | 44 |



*Original with;*
Jaswant Singh Zafar
*Digitized by;*
Panjab Digital Library

| | | |
|---|---|---|
| ਪਹਿਲੀ ਵਾਰ | ............................ | 45 |
| ਅਜੇ ਤਾਂ | ............................ | 46 |
| ਛੋਹ ਦਾ ਅਸਰ | ............................ | 47 |
| ਮੇਲਾ | ............................ | 48 |
| ਸਾਈਡ ਇਫੈਕਟ | ............................ | 49 |
| ਜੀਅ ਲੱਗਿਆ | ............................ | 50 |
| ਦੋ ਸਫ਼ਰ | ............................ | 51 |
| ਉਤਾਰਾ | ............................ | 52 |
| ਸੁਣਨਾ | ............................ | 53 |
| ਸੂਰਜਮੁਖੀ ਦੀ ਪ੍ਰਾਰਥਨਾ | ............................ | 54 |
| ਸਟੇਸ਼ਨ | ............................ | 55 |
| ਨੇੜਤਾ | ............................ | 56 |
| ਜਿਉਂਣ ਦਾ ਲਾਭ | ............................ | 57 |
| ਇਕ ਸੁਪਨਾ | ............................ | 58 |
| ਮੁਸਕਰਾ ਛੱਡਾਂਗਾ | ............................ | 59 |
| ਦੋਸਤਾਂ ਵਾਂਗ | ............................ | 60 |
| ਸ਼ਬਦ ਮਾਰ | ............................ | 62 |
| ਗ੍ਰਹਿਣ | ............................ | 63 |
| ਰੋਣਾ ਨਹੀਂ | ............................ | 64 |
| ਬੇਟੀ | ............................ | 65 |
| ਝਾਲਰ ਦਾ ਗੋਲ ਘੇਰਾ | ............................ | 66 |



*Original with;*
Jaswant Singh Zafar
*Digitized by;*
Panjab Digital Library

ਬੇਟੀ ਨੇ ............................ 67
ਜਵਾਬ ............................ 69
ਜਾਗ ............................ 70
ਦਿਸ਼ਾ ਭਰਮ ............................ 71
ਬਰੋ ਬਰਾਬਰ ............................ 72
ਸੁਰਗ ਨਰਕ ............................ 74
ਹਰੇ ਹਰੇ ............................ 76
ਆਤਮ ਵਿਸ਼ਵਾਸ ............................ 77
ਓਹ ਹੋ... ............................ 78
ਫ਼ਰਕ ............................ 80
ਪੱਕਾ ਰੰਗ ............................ 82
ਪਿੰਜਰਾ ਤੇ ਅਸਮਾਨ ............................ 83
ਸੂਰਜ ਅਸਤ ............................ 84
ਚਿਤਕਬਰਾ ਘੋੜਾ ............................ 85
ਸਮਾਂ ............................ 86
ਆਸਰਾ ............................ 88
ਲਾਲਟੈਣ ............................ 89
ਵਜੂਦ ਦੀ ਕਰਾਮਾਤ ............................ 90
ਭਾਂਡੇ ............................ 91
ਮਨ ਕਮਰਾ ............................ 92
ਝੂਠ ............................ 93

*Original with;*
Jaswant Singh Zafar
*Digitized by;*
Panjab Digital Library

| | | |
|---|---|---|
| ਸਮਾਨਤਾ ਅਸਮਾਨਤਾ | ............................ | 94 |
| ਸਰਵਿਸ ਟੈਕਸ | ............................ | 95 |
| ਅਯੋਗੀ | ............................ | 96 |
| ਕਵੀ ਨੂੰ | ............................ | 97 |
| ਪੂਰਬੀਆਂ ਦਾ ਮੇਲਾ | ............................ | 98 |
| ਖੂਹ | ............................ | 100 |
| ਇੱਕ ਦ੍ਰਿਸ਼ | ............................ | 102 |
| ਕੀੜੀ ਦਾ ਆਟਾ | ............................ | 104 |
| ਮੁਕੇਸ਼ ਵਾਲੀ ਚੁੰਨੀ | ............................ | 107 |


## ਕੋਵਿਡ ਕਾਲ


| | | |
|---|---|---|
| ਕਰੋਨਾ-1 | ............................ | 110 |
| ਕਰੋਨਾ-2 | ............................ | 112 |
| ਕਰੋਨਾ ਉਤਸਵ | ............................ | 114 |
| ਤੱਤੀ ਤਵੀ ਦਾ ਧਿਆਨ ਧਰਦਿਆਂ | ............................ | 116 |
| ਹਾਹਾਕਾਰ | ............................ | 118 |



*Original with;*
Jaswant Singh Zafar
*Digitized by;*
Panjab Digital Library

# ਦੋ ਸ਼ਬਦ

ਜਸਵੰਤ ਜ਼ਫ਼ਰ ਨੂੰ ਕਿਉਂ ਲਗਦੈ ਕਿ ਮਨੁੱਖ ਨੂੰ ਬੁੱਧੂ ਹੋਣਾ ਚਾਹੀਦੈ, ਸਿਆਣਾ ਨਹੀਂ? ਸਿਆਣਪ ਦਾ ਸੰਬੰਧ ਪਾਵਰ ਨਾਲ਼ ਹੈ ਅਤੇ ਬੁੱਧੂ ਹੋਣ ਦਾ ਸੰਬੰਧ ਕੇਵਲ ਹੋਣ ਨਾਲ਼, ਮਨੁੱਖ ਹੋਣ ਦੇ ਅਰਥਾਂ ਨਾਲ਼। ਸਿਆਣਪ ਆਪਣਾ ਮੁੱਲ ਵਧਾਉਣ ਤੇ ਲੱਗੀ ਰਹਿੰਦੀ ਹੈ ਤੇ ਬੁੱਧੂਪੁਣਾ ਸਵੈ-ਖੋਜ ਅਤੇ ਨੈਤਿਕ ਮੁੱਲਾਂ ਦੇ ਵਿਸਤਾਰ ਵਿੱਚ। ਇਹ ਝਗੜਾ ਕੋਈ ਬਹੁਤਾ ਪੁਰਾਣਾ ਨਹੀਂ, ਆਧੁਨਿਕਤਾ ਦੇ ਪ੍ਰਾਜੈਕਟ ਦੀ ਉਪਜ ਆਖਿਆ ਜਾ ਸਕਦਾ ਹੈ। ਆਧੁਨਿਕਤਾ ਉਸ ਡੀਲ ਦਾ ਨਾਮ ਹੈ ਜਿਸ ਰਾਹੀਂ ਮਨੁੱਖ ਨੇ ਆਪਣੇ ਮਨੁੱਖ ਹੋਣ ਦਾ ਅਰਥਾਂ ਦੀ ਬਲ਼ੀ ਦੇ ਕੇ ਸ਼ਕਤੀਸ਼ਾਲੀ ਹੋਣ ਦਾ ਰਾਹ ਅਪਣਾਇਆ।

ਜ਼ਫ਼ਰ ਦੀ ਇਹ ਪੁਸਤਕ 'ਮੈਨੂੰ ਬੁੱਧੂ ਹੋਣਾ ਚਾਹੀਦਾ' ਗਵਾਹ ਹੈ ਕਿ ਉਸ ਨੂੰ ਆਧੁਨਿਕਤਾ ਦੀ ਇਹ ਡੀਲ ਗਵਾਰਾ ਨਹੀਂ। ਇਸੇ ਲਈ ਉਹ ਧਿਆਨ ਵਿੱਚ ਬੈਠੇ ਬੁੱਧ ਨਾਲ਼ ਕੇਵਲ ਸਵੈ-ਖੋਜ ਵਿੱਚ ਹੀ ਡੂੰਘਾ ਨਹੀਂ ਉੱਤਰਦਾ ਸਗੋਂ ਨਾਨਕ ਸੰਗ ਆਪਣੇ ਮਾਨਵ ਹੋਣ ਦੇ ਅਰਥਾਂ ਦੀ ਸੰਵਾਦੀ ਯਾਤਰਾ ਤੇ ਵੀ ਦੂਰ ਨਿਕਲਣਾ ਚਾਹੁੰਦਾ ਹੈ:

ਦੇਰ ਤੋਂ ਗਹਿਰੇ ਧਿਆਨ ਵਿੱਚ ਬੈਠੇ  
ਬਾਬੇ ਬੁੱਧ ਕੋਲੋਂ  
ਲੰਮੀ ਯਾਤਰਾ ਤੇ ਨਿਕਲੇ  
ਹੁਣੇ ਹੁਣੇ ਬਾਬਾ ਨਾਨਕ  
ਤੇ ਬਾਬਾ ਮਰਦਾਨਾ  
ਗਾਉਂਦੇ ਵਜਾਉਂਦੇ ਲੰਘੇ ਹਨ

*Original with;*
Jaswant Singh Zafar
*Digitized by;*
Panjab Digital Library

ਮੈਂ
ਠਹਿਰੋ ਤੇ ਚਲੋ ਵਿਚਾਲੇ ਫਸਿਆ ਹਾਂ

ਉਹ ਕਿਤੇ ਨਹੀਂ ਫਸਿਆ। ਉਹ ਸਮਝਦਾ ਹੈ ਕਿ ਜਿਸਨੂੰ ਅਸੀਂ ਨਹੀਂ ਜਾਣਦੇ, ਜਾਂ ਜਿਸਨੂੰ ਅਸੀਂ ਹਾਲੇ ਹਾਸਲ ਨਹੀਂ ਕੀਤਾ, ਉਸਨੂੰ ਜਾਨਣ ਜਾਂ ਹਾਸਲ ਕਰਨ ਲਈ ਅਸੀਂ ਸਾਰੇ ਰਲ਼ ਕੇ ਕੋਸ਼ਿਸ਼ ਕਰਦੇ ਹਾਂ। ਇੱਕ ਦੂਸਰੇ ਨਾਲ਼ ਸਹਿਯੋਗ ਕਰਦੇ ਹਾਂ। ਇਹ ਖੋਜ ਦਾ ਮਾਰਗ ਹੈ, ਅਰਥਾਂ ਦੀ ਖੋਜ ਦਾ। ਪਰ ਜੋ ਜਾਣ ਜਾਂ ਹਾਸਲ ਕਰ ਲੈਂਦੇ ਹਾਂ, ਉਸ 'ਤੇ ਅਧਿਕਾਰ ਜਮਾਉਣ ਲਈ, ਇੱਕ ਦੂਸਰੇ ਦਾ ਗਲਾ ਕੱਟਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਇਸ ਨੂੰ ਸਿਆਣਪ ਦਾ ਮਾਰਗ ਸਮਝਿਆ ਜਾਂਦਾ ਹੈ। ਪਾਵਰ ਲਈ ਪ੍ਰਤਿਯੋਗ ਦਾ ਮਾਰਗ ਜੋ ਉਸ ਨੂੰ ਮਨਜ਼ੂਰ ਨਹੀਂ:

ਜੋ ਮੈਂ ਜਾਣਦਾ ਨਹੀਂ ਉਹ ਵੰਗਾਰਦਾ–
ਮੈਨੂੰ ਜਾਣ ਲੈ
ਜਾਣੇ ਬਿਨਾ ਗੁਜ਼ਾਰਾ ਨਹੀਂ ਹੋਣਾ
ਜੋ ਜਾਣ ਲਿਆ ਉਹ ਪੁਕਾਰਦਾ–
ਭੁੱਲ ਜਾ ਮੈਨੂੰ
ਮੇਰਾ ਕੋਈ ਸਹਾਰਾ ਨਹੀਂ ਹੋਣਾ

ਪਾਵਰ ਲਈ ਪ੍ਰਤਿਯੋਗ ਦਾ ਮਾਰਗ ਕੁਦਰਤ ਅਤੇ ਕੁਦਰਤੀ ਵਸੀਲਿਆਂ ਦੇ ਸ਼ੋਸਣ ਦਾ ਮਾਰਗ ਹੈ। ਇਹ ਮਾਰਗ ਉਸ ਨੂੰ ਕੇਵਲ ਇਸ ਲਈ ਮਨਜ਼ੂਰ ਨਹੀਂ ਕਿ ਉਹ ਕੁਦਰਤ ਨੂੰ ਪ੍ਰੇਮ ਕਰਦਾ ਹੈ, ਸਗੋਂ ਇਸ ਲਈ ਵੀ ਕਿ ਇਹ ਮਾਰਗ ਮਨੁੱਖ ਦੀ ਹੋਂਦ ਲਈ ਖਤਰਾ ਬਣ ਗਿਆ ਹੈ। ਜਿਵੇਂ ਮਨੁੱਖ ਚੀਖ-ਚੀਖ ਕੇ ਆਖ ਰਿਹਾ ਹੋਵੇ ਕਿ ਮੈਨੂੰ ਮੇਰੀ ਸਿਆਣਪ ਤੋਂ ਬਚਾਓ। ਮਨੁੱਖ ਨੂੰ ਮਨੁੱਖ ਦੀ ਸਿਆਣਪ ਤੋਂ ਬਚਾ ਕੇ ਮਨੁੱਖ ਹੋਣ ਦੇ ਅਰਥਾਂ ਦੀ ਖੋਜ ਦੇ ਮਾਰਗ ਤੇ ਪਾਉਣਾ ਹੀ ਸ਼ਾਇਦ ਇਸ ਪੁਸਤਕ ਦਾ ਉਦੇਸ਼ ਹੈ। ਉਹ ਐਂਥਰੋਪੋਸੈਂਟਰਿਜ਼ਮ ਦੇ ਸਿਧਾਂਤ ਨੂੰ ਰੱਦ ਕਰਦਾ ਹੈ:

*Original with;*
Jaswant Singh Zafar
*Digitized by;*
Panjab Digital Library

ਮੈਨੂੰ ਲਗਦਾ ਸੀ
ਸਦੀਆਂ ਤੋਂ ਰੁੱਖ ਮੇਰੇ ਲਈ ਖੜ੍ਹੇ
ਪਰ ਮੈਂ ਉਨ੍ਹਾਂ ਲਈ ਨਹੀਂ ਖੜ੍ਹਿਆ

ਮੈਨੂੰ ਲਗਦਾ ਸੀ
ਸਦੀਆਂ ਤੋਂ ਦਰਿਆ ਮੇਰੇ ਲਈ ਵਗਦੇ
ਪਰ ਮੈਂ ਉਨ੍ਹਾਂ ਲਈ ਨਹੀਂ ਵਗਿਆ

ਮੈਨੂੰ ਲਗਦਾ ਸੀ
ਸਦੀਆਂ ਤੋਂ ਹਵਾ ਮੇਰੇ ਲਈ ਰੁਮਕਦੀ
ਪਰ ਮੈਂ ਉਹਦੇ ਲਈ ਕਦੀ ਨਾ ਰੁਮਕਿਆ

ਮੈਨੂੰ ਲਗਦਾ ਸੀ
ਸਦੀਆਂ ਤੋਂ ਫ਼ਸਲਾਂ ਮੇਰੇ ਲਈ ਝੂਮਦੀਆਂ
ਪਰ ਮੈਂ ਉਨ੍ਹਾਂ ਲਈ ਕਦੀ ਨਾ ਝੂਮਿਆ

ਮੈਨੂੰ ਲਗਦਾ ਸੀ
ਸਦੀਆਂ ਤੋਂ ਪੰਛੀ ਮੇਰੇ ਲਈ ਗਾਉਂਦੇ
ਪਰ ਮੈਂ ਉਨ੍ਹਾਂ ਲਈ ਨਹੀਂ ਗਾਇਆ

ਮੈਨੂੰ ਲਗਦਾ ਸੀ
ਸਦੀਆਂ ਤੋਂ ਫੁੱਲ ਮੇਰੇ ਲਈ ਖਿੜਦੇ
ਪਰ ਮੈਂ ਉਹਨਾਂ ਲਈ ਕਦੀ ਨਹੀਂ ਖਿੜਿਆ

ਇਹਨਾਂ ਸਦੀਆਂ ਦੇ ਅੱਕਿਆਂ ਨੇ
ਮਾਂ ਕੁਦਰਤ ਬਾਪ ਕਾਦਰ ਨੂੰ ਰੋਸ ਨਾਲ਼ ਪੁੱਛਿਆ–
ਕੀ ਅਸੀਂ ਸਭ ਬੰਦੇ ਲਈ ਹਾਂ?
ਉਹਨਾਂ ਮੈਨੂੰ ਜ਼ਰਾ ਘੂਰ ਕੇ ਦੇਖਿਆ

*Original with;*
Jaswant Singh Zafar
*Digitized by;*
Panjab Digital Library

ਮੈਂ ਕੁਰਲਾਉਣ ਲੱਗਾ–
ਕਰੋਨਾ, ਹਾਏ ਕਰੋਨਾ
ਹਾਏ ਹਾਏ ਕਰੋਨਾ

ਜੇ ਕੁਦਰਤ ਬੰਦੇ ਲਈ ਨਹੀਂ, ਤਾਂ ਬੰਦਾ ਵੀ ਕੇਵਲ ਕੁਦਰਤ ਲਈ ਨਹੀਂ। ਹੋਂਦ ਨੂੰ ਲਗਾਤਾਰ ਅਰਥ ਦੇਣ ਲਈ ਦੋਨਾਂ ਦਾ ਸਿਰਜਣਾਤਮਕ ਸੰਵਾਦ ਆਵੱਸ਼ਕ ਹੈ, ਹਰ ਕਿਸੇ ਦਾ ਹਰ ਦੂਜੇ ਨਾਲ਼ ਬਰਾਬਰੀ ਦੇ ਆਧਾਰ 'ਤੇ ਖੁੱਲ੍ਹਾ ਸੰਵਾਦ: ਮਨੁੱਖ ਦਾ ਮਨੁੱਖ ਨਾਲ਼, ਮਸ਼ੀਨ ਦਾ ਮਸ਼ੀਨ ਨਾਲ਼, ਮਨੁੱਖ ਦਾ ਮਸ਼ੀਨ ਨਾਲ਼ ਤੇ ਕੁਦਰਤ ਨਾਲ਼। ਸਹਿਹੋਂਦ ਨਹੀਂ, ਸੰਯੋਗ। ਇਸ ਤਰ੍ਹਾਂ ਨਹੀਂ ਕਿ ਮਿਲ ਕੇ ਵੀ ਨਾ ਮਿਲੀਏ। ਵਿਚਕਾਰ ਕੋਈ ਚੋਣ ਆ ਗਈ ਹੋਵੇ ਕਿ ਕਿਸਨੂੰ ਮਿਲਣਾ ਹੈ ਤੇ ਕਿਸਨੂੰ ਨਹੀਂ:

ਮੈਂ ਤਾਂ ਮਿਲਾਉਣਾ ਸੀ
ਮਿਲਾ ਦਿੱਤਾ
ਤੁਸੀਂ ਮਿਲਣਾ ਸੀ
ਮਿਲੇ ਕਿਉਂ ਨਹੀ?

ਰੂਹਾਂ ਦੇ ਮਿਲਣ ਲਈ ਕਿਸੇ ਬਾਇਓਡੇਟਾ ਦੀ ਲੋੜ ਨਹੀਂ ਹੋਣੀ ਚਾਹੀਦੀ:

ਉੱਡਦੇ ਬੱਦਲ ਮਿਲਦੇ
ਇਕ ਦੂਏ ਦੀ ਜਾਤ ਗੋਤ
ਕੱਦ ਕਾਠ, ਠਾਠ ਬਾਠ
ਜੈਦਾਤ ਔਕਾਤ, ਪਤਾ ਟਿਕਾਣਾ
ਵਿਦਿਅਕ ਯੋਗਤਾ ਵਗ਼ੈਰਾ ਨਹੀਂ ਪੁੱਛਦੇ
ਬਸ ਘੁਲ਼-ਮਿਲ਼ ਕੇ ਬਰਸ ਜਾਂਦੇ
ਰੂਹਾਂ ਵਾਂਗ
ਬੱਦਲਾਂ ਦਾ
ਕੋਈ ਬਾਇਓਡੇਟਾ ਨਹੀਂ ਹੁੰਦਾ

*Original with;*
Jaswant Singh Zafar
*Digitized by;*
Panjab Digital Library

ਚੋਣ ਦੀ ਕਸਵੱਟੀ 'ਤੇ ਪਰਖਣਾ ਹਿੰਸਾ ਹੈ। ਚਿੱਟੇ-ਕਾਲੇ, ਮਰਦ-ਔਰਤ, ਚੰਗੇ-ਮਾੜੇ, ਸੰਸਕ੍ਰਿਤੀ-ਪ੍ਰਕਿਰਤੀ ਅਤੇ ਮੇਰ-ਤੇਰ ਆਦਿ ਦੀਆਂ ਤਮਾਮ ਭਿੰਨਤਾਵਾਂ ਰੱਦਣਯੋਗ ਹਨ। ਜਾਤ, ਜਮਾਤ, ਨਸਲ, ਜੈਂਡਰ, ਆਦਿ ਦੀਆਂ ਵੰਡੀਆਂ ਨੂੰ ਪਾਰ ਕਰ ਕੇ ਹੀ ਮਨੁੱਖ ਹੋ ਸਕਦੇ ਹਾਂ। ਜ਼ਫ਼ਰ ਐਲਾਨ ਕਰਦਾ ਹੈ ਕਿ ਹੋਂਦ-ਨਿਹੋਂਦ ਅਤੇ ਜਨਮ-ਮਰਨ ਦੀ ਭਿੰਨਤਾ ਤੋਂ ਮੁਕਤ ਹੋਣਾ ਹੀ ਨਿਰਵਾਣ ਨੂੰ ਪ੍ਰਾਪਤ ਹੋਣਾ ਹੁੰਦਾ ਹੈ:

ਇਕ ਦਿਨ ਬੁੱਧ ਨੂੰ ਪੁੱਛਿਆ-
ਇਹ ਨਿਰਵਾਣ ਕੀ ਹੁੰਦਾ, ਬਾਬਾ ਜੀ?
ਫ਼ੁਰਮਾਇਆ-
ਮਰਨੋਂ ਪਹਿਲਾਂ ਸਮਾਧੀ ਵਿੱਚ ਲੀਨ ਹੋਣਾ
ਜਿਵੇਂ ਜੰਮਣੋਂ ਪਹਿਲਾਂ ਸੀ
ਜਨਮ ਮਰਨ ਦੀ ਭਿੰਨਤਾ ਤੋਂ ਮੁਕਤ ਹੋਣਾ
ਹੁੰਦਾ ਨਿਰਵਾਣ

ਜਸਵੰਤ ਜ਼ਫ਼ਰ ਨਾਲ਼ ਸਹਿਮਤ ਹੋਣਾ ਪਵੇਗਾ ਕਿ ਜੰਮਣ ਤੋਂ ਪਹਿਲਾਂ ਮਨੁੱਖ ਨਗਨ ਸਮਾਧੀ ਵਿੱਚ ਹੁੰਦਾ ਹੈ। ਉਸਨੇ ਲੋਭ, ਲਾਲਚ ਜਾਂ ਦਇਆ ਅਤੇ ਤਿਆਗ ਦੇ ਵਸਤਰ ਨਹੀਂ ਪਹਿਨੇ ਹੁੰਦੇ। ਹਿੰਸਾ ਅਤੇ ਪ੍ਰੇਮ ਜਾਂ ਵਿਯੋਗ ਅਤੇ ਸੰਯੋਗ ਦੀਆਂ ਭਾਸ਼ਾਵਾਂ ਵੀ ਉਹ ਜਨਮ ਉਪਰੰਤ ਕਰਮ ਭੂਮੀ ਵਿੱਚ ਆ ਕੇ ਹੀ ਸਿੱਖਦਾ ਹੈ। ਚੰਗੇ ਮੰਦੇ ਕਰਮਾਂ ਦੀ ਇਸ ਖੇਡ ਤੋਂ ਪਾਰ ਆਪਣੀ ਹੋਂਦ ਦੇ ਅਰਥਾਂ ਦੀ ਪਛਾਣ ਹੀ ਨਿਰਵਾਣ ਹੈ। ਜ਼ਫ਼ਰ ਦਾ ਨਿਰਵਾਣ ਨਿਓਟਿਆਂ ਦੀ ਓਟ, ਨਿਆਸਰਿਆਂ ਦੇ ਆਸਰੇ, ਗਰੀਬ ਲਈ ਪਾਤਸ਼ਾਹੀ ਦੇ ਫੁਰਮਾਨ ਅਤੇ ਬੇਗਮਪੁਰੇ ਦੇ ਸੁਪਨੇ ਨਾਲ਼ ਵੀ ਬਰਾਬਰ ਜੁੜਿਆ ਹੋਇਆ ਹੈ:

ਨੈਣਾਂ ਵਿੱਚ ਤਾਰੇ ਜਗੇ
ਹਰ ਬੁਝਿਆ ਚਿਹਰਾ ਚੰਨ ਹੋਇਆ
ਗ਼ਰੀਬ ਲਈ ਪਾਤਸ਼ਾਹੀ ਦਾ ਫ਼ੁਰਮਾਨ ਹੋਇਆ

*Original with;*
Jaswant Singh Zafar
*Digitized by;*
Panjab Digital Library

ਪੁਰਖਿਆਂ ਦਾ ਬੇਗਮਪੁਰੇ ਦਾ ਸੁਪਨਾ
ਆਨੰਦਪੁਰ ਦੇ ਨਾਂ ਨਾਲ਼ ਤਾਮੀਲ ਹੋਇਆ
ਦੀਨ ਹੇਤ ਲੜਨਹਾਰਿਆਂ ਦੀ ਖਾਲਸ ਫ਼ਸਲ ਤਿਆਰ ਹੋਈ

ਕੇਵਲ ਲਿਸ਼ਕਦੀਆਂ ਤਲਵਾਰਾਂ ਅਤੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਨਹੀਂ, ਹਉਮੈ, ਖ਼ੁਦਗਰਜ਼ੀ ਅਤੇ ਲਾਲਚ ਨੂੰ ਸੱਲਣ ਵਾਲ਼ੇ ਸ਼ਬਦ-ਬਾਣ ਇਸ ਆਨੰਦਪੁਰੀ ਜਜ਼ਬੇ ਦੀ ਪ੍ਰਮੁੱਖ ਪਛਾਣ ਬਣੇ। ਉਹ ਇਹ ਵੀ ਭਲੀ ਭਾਂਤ ਸਮਝਦਾ ਹੈ ਕਿ ਹਉਮੈ, ਖ਼ੁਦਗਰਜ਼ੀ ਅਤੇ ਲਾਲਚ ਨੂੰ ਸੱਲਣ ਵਾਲ਼ੇ ਇਹ ਸ਼ਬਦ-ਬਾਣ ਮੁਹੱਬਤ ਦੇ ਬਣੇ ਹੁੰਦੇ ਹਨ:

ਆਉਂਦੇ ਸਾਹ ਨਾਲ਼ 'ਤੂੰ' ਆਵੇਂ
ਜਾਂਦੇ ਨਾਲ਼ 'ਮੈਂ' ਜਾਵੇ
ਆਵਣ-ਜਾਣ ਬਣੇ ਇਸ ਭਾਂਤੀ
ਕੁੱਲ ਮੈਂ ਨੂੰ ਤੂੰ ਬਣਾਵੇ
ਤੂੰ ਮੈਂ ਇਕ ਹੋ ਜਾਵੇ
ਐਸੀ ਲਗਨ ਲਗੇ ਮਨ ਅੰਤਰ
ਮਸਲਾ ਮੂਲ ਮੁਕਾਵੇ

ਇਹ 'ਮੈਂ' 'ਤੂੰ' ਦਾ ਮਸਲਾ ਨਹੀਂ। ਆਪਣੀ 'ਮੈਂ' ਦੇ ਇੱਕ ਹਿੱਸੇ ਦੀ ਆਹੂਤੀ ਦੇ ਕੇ ਉਸ ਅੰਦਰ ਦੂਸਰੇ ਦੇ ਦੂਸਰੇਪਣ/ਵਿਪਰੀਤਪਣ ਲਈ ਸਪੇਸ ਪੈਦਾ ਕਰਨ ਦਾ ਨਾਮ ਹੀ ਮੁਹੱਬਤ ਹੈ। ਜ਼ਫ਼ਰ ਨੇ ਮਨ ਦੀ ਇੱਕ ਕਮਰੇ ਦੇ ਰੂਪ ਵਿੱਚ ਪਛਾਣ ਕੀਤੀ ਹੈ ਜਿਸਦੇ ਰੋਸ਼ਨਦਾਨ ਵਿੱਚ ਬੈਠੀ ਮੁਹੱਬਤ ਗੁਟਕੂੰ-ਗੂੰ ਕਰ ਰਹੀ ਹੈ। ਪਰ ਕਮਰੇ ਦੇ ਅੰਦਰ ਹਉਮੈ ਦਾ ਕਾਲਾ ਨਾਗ ਫੁੰਕਾਰੇ ਮਾਰ ਰਿਹਾ ਹੈ। ਉਹ ਚਾਹੁੰਦਾ ਹੈ ਕਿ:

ਮਨ ਕਮਰੇ 'ਚੋਂ ਬਾਹਰ ਨਿਕਲੀਏ
ਉੱਡਦੇ ਦਿਸਣ ਕਬੂਤਰ ਲੱਖਾਂ
ਅੰਦਰ ਨਾਗਾਂ ਦੇ ਫੁੰਕਾਰੇ

*Original with;*
Jaswant Singh Zafar
*Digitized by;*
Panjab Digital Library

ਡੰਗੇ ਜਾਵਣ ਦਾ ਡਰ ਮਾਰੇ
ਤੇ ਡੰਗਣ ਦੀਆਂ ਭੁੱਖਾਂ।

'ਤੂੰ' ਨਾਲ਼ ਕੇਵਲ ਮੁਹੱਬਤ ਹੀ ਨਹੀਂ, 'ਮੈਂ' ਵੀ 'ਤੂੰ' ਨਾਲ਼ ਰਿਸ਼ਤੇ ਵਿੱਚੋਂ ਹੀ ਜਨਮਦੀ ਹੈ:

ਤੇਰੇ ਨਾਲ਼ ਗੱਲਾਂ ਕਰਕੇ ਲੱਗਿਆ
ਕਿ ਪਹਿਲੀ ਵਾਰ ਬੋਲਿਆ ਹਾਂ
ਹੁਣ ਤੱਕ ਬੋਲਣ ਦਾ ਰਿਆਜ਼ ਹੀ ਕਰਦਾ ਰਿਹਾ
ਤੇਰੇ ਆਉਣ 'ਤੇ
ਮੈਨੂੰ ਲੱਗਿਆ ਸੀ
ਕਿ ਮੈਂ ਹੁਣੇ ਜਨਮਿਆ ਹਾਂ

ਮਨੁੱਖ ਬ੍ਰਹਿਮੰਡੀ ਸਟੇਜ 'ਤੇ ਖੇਡੇ ਜਾ ਰਹੇ ਨਾਟਕ ਦਾ ਇੱਕ ਅਦਾਕਾਰ ਹੈ। ਉਸਦੀ ਹਰ ਅਦਾ, ਹਰ ਅੱਥਰੂ ਅਤੇ ਹਰ ਬੋਲ ਪਿੱਛੇ ਇੱਕ ਅਰਥ ਪਿਆ ਹੁੰਦਾ ਹੈ। ਇਹ ਅਰਥ ਉਸਨੂੰ ਨਾਟਕ ਦੀ ਸਕਰਿਪਟ ਵਿੱਚੋਂ ਪ੍ਰਾਪਤ ਹੁੰਦੇ ਹਨ। ਪਰ ਪੱਛਮੀ ਆਧੁਨਿਕਤਾ ਦੇ ਪ੍ਰਭਾਵ ਅਧੀਨ ਮਨੁੱਖ ਨੇ ਹੁਣ ਇਸ ਬ੍ਰਹਿਮੰਡੀ ਯੋਜਨਾ ਵਿੱਚ ਵਿਸ਼ਵਾਸ ਕਰਨਾ ਬੰਦ ਕਰ ਦਿੱਤਾ ਹੈ। ਉਸ ਨੇ ਆਪਣੇ ਆਪ ਨੂੰ ਅਦਾਕਾਰ ਦੀ ਥਾਂ ਪਰਿਡਿਊਸਰ ਡਾਇਰੈਕਟਰ ਸਮਝ ਲਿਆ ਹੈ। ਉਹ ਸੋਚਦਾ ਹੈ ਕਿ ਉਸਨੂੰ ਆਪਣੇ ਮਨੁੱਖ ਹੋਣ ਦੇ ਅਰਥਾਂ ਨੂੰ ਖੋਜਣ ਦੀ ਲੋੜ ਨਹੀਂ ਕਿਉਂਕਿ ਕੁਦਰਤ ਨੇ ਉਸਨੂੰ ਨਹੀਂ ਸਗੋਂ ਉਸਨੇ ਕੁਦਰਤ ਨੂੰ ਅਰਥ ਦੇਣੇ ਹਨ। ਉਸ ਲਈ ਕਿਸੇ ਚੀਜ਼ ਦਾ ਕੋਈ ਅਰਥ ਨਹੀਂ ਰਹਿ ਗਿਆ।

ਮਨੁੱਖ ਸੋਚਦਾ ਹੈ ਕਿ ਉਹ ਤਾਂ ਕੇਵਲ ਦੁਨੀਆ ਦੀ ਪਾਵਰ ਗੇਮ ਜਿੱਤਣ ਹਰਾਉਣ ਲਈ ਹੀ ਪੈਦਾ ਹਇਆ ਹੈ। ਇਹ ਨਹੀਂ ਸਮਝਦਾ ਕਿ ਇਸ ਪਾਵਰ ਗੇਮ ਨੇ ਉਸਨੂੰ ਇੱਕ ਅਜਿਹੇ ਚੱਕਰਵਿਊ ਵਿੱਚ ਫਸਾ ਦਿੱਤਾ ਹੈ ਜਿੱਥੇ ਉਸਨੂੰ ਆਪਣੀਂ ਹੋਂਦ ਦੇ ਹੀ ਲਾਲੇ ਪਏ ਹੋਏ ਹਨ। ਹਰ ਪਾਸੇ ਮਾਨਵੀ ਸੱਭਿਅਤਾ ਦੇ ਹੋਂਦਮਈ ਸੰਕਟ ਦੀਆਂ ਗੱਲਾਂ ਹੋ ਰਹੀਆਂ ਹਨ। ਜਸਵੰਤ ਜ਼ਫ਼ਰ

*Original with;*
Jaswant Singh Zafar
*Digitized by;*
Panjab Digital Library

ਦੀ ਇਹ ਪੁਸਤਕ 'ਮੈਨੂੰ ਬੁੱਧੂ ਹੋਣਾ ਚਾਹੀਦਾ' ਸਾਨੂੰ ਬੜੇ ਜ਼ੋਰਦਾਰ ਢੰਗ ਨਾਲ਼ ਇਸ ਸੁਆਲ ਦੇ ਸਨਮੁਖ ਲਿਆ ਖੜ੍ਹਾ ਕਰਦੀ ਹੈ ਕਿ ਅਸੀਂ ਦੁਨੀਆ ਦੀ ਪਾਵਰ ਗੇਮ ਵਿੱਚ ਸ਼ਾਮਲ ਹੋਣਾ ਹੈ ਜਾਂ ਅਰਥਾਂ ਦੀ ਬ੍ਰਹਿਮੰਡੀ ਯੋਜਨਾ ਵਿੱਚ? ਸੁਆਲ ਮਹੱਤਵਪੂਰਨ ਹੈ। ਇਸ ਨੂੰ ਹੁਣ ਹੋਰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਅਰਥਾਂ ਦੀ ਬ੍ਰਹਿਮੰਡੀ ਯੋਜਨਾ ਤਾਰਿਆਂ ਦੀ ਮੁਕੈਸ਼ ਵਾਲ਼ੀ ਪਾਰਦਰਸ਼ੀ ਚੁੰਨੀ ਵਿੱਚੋਂ ਸਾਡੇ ਵੱਲ ਨੀਝ ਲਾ ਕੇ ਦੇਖ ਰਹੀ ਹੈ ਕਿ ਕੀ ਅਸੀਂ ਦੁਨੀਆ ਦੀ ਪਾਵਰ-ਗੇਮ ਵਿਚ ਖਚਤ ਹੋਣਾ ਹੈ ਜਾਂ ਚੇਤਨਾ ਦੇ ਨਵੇਂ ਮਾਰਗਾਂ ਦੇ ਪਾਂਧੀ ਬਣਨਾ ਹੈ:

ਕੁੜੀ ਨੇ ਚੁੰਨੀ ਸਿਰੋਂ ਲਾਹ
ਮੁੜਕਾ ਪੂੰਝ ਘਾਹ 'ਤੇ ਵਿਛਾ ਦਿੱਤੀ
ਮੁੰਡੇ ਨੇ ਆਪਣੇ ਹੱਥੀਂ
ਤਾਰਿਆਂ ਦੀ ਮੁਕੈਸ਼ ਵਾਲ਼ੀ
ਚੁੰਨੀ ਦੋਹਾਂ ਉੱਪਰ ਤਾਣ ਲਈ
ਹੁਣ ਉਹਨਾ ਨੂੰ ਇੱਕ ਦੂਏ ਬਿਨ
ਹੋਰ ਕੋਈ ਨਾ ਦਿਸਦਾ
ਪਰ ਰਾਤ ਦੀ ਇਸ ਪਾਦਰਸ਼ੀ ਚੁੰਨੀ ਵਿੱਚੋਂ
ਉਹ ਸਭ ਨੂੰ ਦਿਸਦੇ।

**-ਅਮਰਜੀਤ ਸਿੰਘ ਗਰੇਵਾਲ**

*Original with;*
Jaswant Singh Zafar
*Digitized by;*
Panjab Digital Library

# ਐ ਵਕਤ

ਐ ਵਕਤ,
ਮੈਂ ਕਿੰਨਾ ਬੇਖ਼ਬਰ ਸੀ !

ਹੁਣੇ ਹੁਣੇ ਪਤਾ ਲੱਗਾ
ਤੂੰ ਕਿੰਨੇ ਚਿਰ ਤੋਂ
ਮੈਨੂੰ ਹੁਣ ਵਾਲ਼ੇ ਨੂੰ
ਉਡੀਕਦਾ ਸੀ

•

*Original with;*
Jaswant Singh Zafar
*Digitized by;*
Panjab Digital Library

## ਉਸ ਕਿਹਾ

ਉਸ ਕਿਹਾ–
ਤੂੰ ਦੇਰ ਨਾਲ ਮਿਲਿਆ
ਬਹੁਤ ਪਹਿਲਾਂ ਮਿਲਣਾ ਚਾਹੀਦਾ ਸੀ
ਬਹੁਤ ਪਹਿਲਾਂ ਤਾਂ
ਮੈਂ ਹੁਣ ਵਾਲਾ ਹੁੰਦਾ ਨਹੀਂ ਸੀ
ਜੋ ਤੈਨੂੰ ਮਿਲਿਆ ਉਹ ਤਾਂ ਮੈਂ ਹੁਣੇ ਜੰਮਿਆ
ਤੇ ਕਈਆਂ ਲਈ
ਅਜੇ ਹੋਰ ਦੇਰ ਬਾਅਦ
ਜੰਮਣਾ ਹੈ ਮੈਂ

•

*Original with;*
Jaswant Singh Zafar
*Digitized by;*
Panjab Digital Library

## ਬੁੱਧੂ

ਮੈਂ ਤਾਂ ਬੁੱਧੂ ਹੁੰਦਾ ਸੀ
ਇੱਕ ਤਰ੍ਹਾਂ ਨਾਲ਼

ਹਾਂ ਤਾਂ ਹੁਣ ਵੀ ਬੁੱਧੂ
ਪਰ ਦੂਸਰੀ ਤਰ੍ਹਾਂ ਨਾਲ਼

ਸੋਚਦਾ ਹਾਂ
ਮੈਨੂੰ ਬੁੱਧੂ ਹੀ ਹੋਣਾ ਚਾਹੀਦਾ
ਕਿਸੇ ਹੋਰ ਤਰ੍ਹਾਂ ਨਾਲ਼

•

*Original with;*
Jaswant Singh Zafar
*Digitized by;*
Panjab Digital Library 

# ਨਿਰਵਾਣ

ਬਾਬੇ ਬੇਣੀ ਨੇ ਕਿਹਾ –
ਜੰਮਣੋਂ ਪਹਿਲਾਂ ਸਮਾਧੀ 'ਚ ਹੁੰਦੇ ਹਾਂ*
ਯਾਨੀ
ਕਾਮ ਕ੍ਰੋਧ ਲੋਭ ਵਗ਼ੈਰਾ ਤੋਂ ਰਹਿਤ
ਪੂਰੇ ਨੰਗੇ ਜੰਮੇ ਸਾਂ

ਹੌਲੀ ਹੌਲੀ ਪਹਿਨਦੇ ਗਏ
ਲਾਲਚ ਲਾਲਸਾ ਵਾਸਨਾ ਵਗ਼ੈਰਾ ਦੇ ਲੀੜੇ
ਉਮਰ ਦੇ ਵੱਧਣ ਨਾਲ਼
ਵੱਧਦੀਆਂ ਗਈਆਂ ਇਹਨਾਂ ਦੀਆਂ ਤਹਿਆਂ
ਤੇ ਵੱਧਦਾ ਗਿਆ ਇਹਨਾਂ ਦਾ ਆਕਾਰ

ਇੱਕ ਦਿਨ ਬੁੱਧ ਨੂੰ ਪੁੱਛਿਆ –
ਇਹ ਨਿਰਵਾਣ ਕੀ ਹੁੰਦਾ ਏ, ਬਾਬਾ ਜੀ?
ਫ਼ੁਰਮਾਇਆ –
ਮਰਨੋਂ ਪਹਿਲਾਂ ਸਮਾਧੀ ਲੀਨ ਹੋਣਾ
ਜਿਵੇਂ ਜੰਮਣੋਂ ਪਹਿਲਾਂ ਸੀ

---

* *ਰੇ ਨਰ ਗਰਭ ਕੁੰਡਲ ਜਬ ਆਛਤ ਉਰਧ ਧਿਆਨ ਲਿਵ ਲਾਗਾ ॥*

*Original with;*
Jaswant Singh Zafar
*Digitized by;*
Panjab Digital Library

ਮਰਣ ਵੇਲ਼ੇ ਤੱਕ ਨੰਗੇ ਹੋ ਸਕਣਾ
ਜਿਵੇਂ ਜੰਮਣ ਵੇਲ਼ੇ ਸੀ
ਆਵਾਗਵਣ ਤੋਂ ਜਾਣੀ
ਜਨਮ ਮਰਣ ਤੋਂ ਮੁਕਤ ਹੋਣਾ
ਜਨਮ ਤੇ ਮਰਨ ਦੀ ਭਿੰਨਤਾ ਤੋਂ ਮੁਕਤ ਹੋਣਾ
ਹੁੰਦਾ ਏ ਨਿਰਵਾਣ

•

*Original with;*
Jaswant Singh Zafar
*Digitized by;*
Panjab Digital Library

## ਨਦੀ ਕਿ ਝੀਲ

ਦੇਰ ਤੋਂ ਗਹਿਰੇ ਧਿਆਨ ਵਿੱਚ ਬੈਠੇ
ਬਾਬੇ ਬੁੱਧ ਕੋਲ਼ੋਂ
ਲੰਮੀ ਯਾਤਰਾ 'ਤੇ ਨਿਕਲੇ
ਹੁਣੇ ਹੁਣੇ ਬਾਬਾ ਨਾਨਕ
ਤੇ ਬਾਬਾ ਮਰਦਾਨਾ
ਗਾਉਂਦੇ-ਵਜਾਉਂਦੇ ਲੰਘੇ ਹਨ
ਮੈਂ
ਠਹਿਰੋ ਅਤੇ ਚਲੋ ਵਿਚਾਲ਼ੇ ਫਸਿਆ ਹਾਂ

ਜੋ ਮੈਂ ਜਾਣਦਾ ਨਹੀਂ ਉਹ ਵੰਗਾਰਦਾ-
ਮੈਨੂੰ ਜਾਣ ਲੈ
ਜਾਣੇ ਬਿਨ ਗੁਜ਼ਾਰਾ ਨਹੀਂ ਹੋਣਾ
ਜੋ ਜਾਣ ਲਿਆ ਉਹ ਪੁਕਾਰਦਾ-
ਭੁੱਲ ਜਾ ਮੈਨੂੰ
ਮੇਰਾ ਕੋਈ ਸਹਾਰਾ ਨਹੀਂ ਹੋਣਾ

ਅਸਮਾਨ ਕਹਿੰਦਾ -
ਆਪਣੀ ਚੀਕ ਨਾਲ਼
ਮੈਨੂੰ ਚੀਰ ਕੇ ਪਾਰ ਨਿਕਲ ਜਾ

*Original with;*
Jaswant Singh Zafar
*Digitized by;*
Panjab Digital Library

ਧਰਤੀ ਕਹੇ -
ਖ਼ਾਮੋਸ਼ੀ ਨਾਲ਼ ਮੇਰੇ ਵਿਚ ਸਮਾਅ ਜਾ

ਮੇਰੇ ਕੀ ਅਖਤਿਆਰ
ਜਿਵੇਂ ਪਾਣੀ ਸੋਚੇ-
ਮੈਂ ਨਦੀ ਬਣਾਂ ਕਿ ਝੀਲ?
•

*Original with;*
Jaswant Singh Zafar
*Digitized by;*
Panjab Digital Library

## ਪੀਰ ਬੁੱਧੂ ਸ਼ਾਹ

ਹੋਣ ਵਾਲ਼ੇ ਚਾਰ ਸ਼ਹੀਦਾਂ ਦਾ ਪਿਤਾ
ਗੁਰੂ ਕੇਸ ਵਾਹ ਰਿਹਾ ਹੈ
ਹੋ ਚੁੱਕੇ ਦੋ ਸ਼ਹੀਦਾਂ ਦਾ ਪਿਤਾ
ਪੀਰ ਹੱਥ ਜੋੜ ਸਿਰ ਨਿਵਾਈ ਖੜ੍ਹਾ ਹੈ
ਗੁਰੂ ਨੇ ਪੁੱਛਿਆ-
    ਕੀ ਬਖ਼ਸ਼ ਦੇਈਏ ਪੀਰ ਜੀਓ
ਪੀਰ ਮੁਹੱਬਤ ਮੰਗਦਾ ਹੈ
ਗੁਰੂ-
    ਸਿਰਫ਼ ਮੁਹੱਬਤ?
ਪੀਰ-
    ਜੀ, ਸਾਰੀ ਮੁਹੱਬਤ
ਗੁਰੂ ਨੇ ਪੀਰ ਨੂੰ ਕਲਾਵੇ 'ਚ ਲਿਆ
ਗੁਰੂ ਦੇ ਖੁੱਲ੍ਹੇ ਕੇਸ ਪੀਰ ਉੱਪਰੋਂ
ਮੁਹੱਬਤ ਦਾ ਝਰਨਾ ਬਣ ਵਗੇ
ਚਾਰ ਚਸ਼ਮਾਂ ਤੋਂ
ਮੁਹੱਬਤੀ ਜਲ ਫੁੱਟ ਵਗਿਆ

ਗੁਰੂ ਹੋਰ ਤੁੱਠਾ-
    ਕੁਝ ਹੋਰ ਵੀ ਮੰਗੋ ਪੀਰ ਪਿਆਰੇ

*Original with;*
Jaswant Singh Zafar
*Digitized by;*
Panjab Digital Library

ਪੀਰ–

    ਦਿਓ ਉਹ ਸਭ
    ਜੋ ਤੇਰੇ ਹੱਥ

ਗੁਰੂ–

    ਸਭ ਤਾਂ ਕਰਤਾਰ ਦੇ ਹੱਥ

ਗੁਰੂ ਨੇ ਆਪਣੇ ਹੱਥੋਂ
ਟੁੱਟੇ ਕੇਸਾਂ ਭਰਿਆ ਕੰਘਾ ਫੜਾ ਦਿੱਤਾ
ਪੀਰ ਨੂੰ ਸਗਲ ਸ੍ਰਿਸ਼ਟੀ ਤੋਹਫ਼ੇ ਵਿੱਚ
ਮਿਲਣ ਜਿੰਨਾ ਚਾਅ ਹੋਇਆ

ਪਤਾ ਨਹੀਂ
ਪੀਰ ਨੇ ਦੁਨੀਆ ਦਾ ਸਭ ਤੋਂ ਮਹਿੰਗਾ ਸੌਦਾ ਕੀਤਾ
ਜਾਂ ਸਭ ਤੋਂ ਸਸਤਾ
ਇਸ ਸੌਦੇ ਦੀ ਸਾਰ
ਸਿਆਣੇ ਨਹੀਂ ਬੁੱਧੂ ਸ਼ਾਹ ਹੀ ਜਾਨਣ

•

*Original with;*
Jaswant Singh Zafar
*Digitized by;*
Panjab Digital Library

## ਸੈਦਾ ਮਲਾਹ

ਘਾਟ 'ਤੇ ਮਲਾਹਾਂ ਨੂੰ ਖ਼ਬਰ ਹੋਈ
ਗੁਰੂ ਗੋਬਿੰਦ ਨੇ ਏਥੇ ਆਉਣਾ ਹੈ
ਨਦੀਓਂ ਪਾਰ ਹੋਣ ਲਈ
ਕਿਸੇ ਨਾ ਕਿਸੇ ਦੀ ਕਿਸ਼ਤੀ 'ਤੇ ਸਵਾਰ ਹੋਣ ਲਈ
ਘਾਟ 'ਤੇ ਮਲਾਹਾਂ ਨੂੰ ਖ਼ਬਰ ਹੋਈ

ਜਾਣਦੇ ਸਨ ਗੁਰੂ ਦੇ ਸ਼ਾਹਾਨਾ ਠਾਠ ਨੂੰ
ਕਿ ਜਿਸਦੀ ਕਿਸ਼ਤੀ ਵਿੱਚ ਬਹਿਣਗੇ
ਮਾਇਆ ਦੇ ਘਾਟੇ ਨਾ ਰਹਿਣਗੇ
ਇੱਕ ਦੂਜੇ ਤੋਂ ਵੱਧ ਕੇ
ਕੀਤੀਆਂ ਤਿਆਰੀਆਂ
ਆਪੋ ਆਪਣੀਆਂ ਕਿਸ਼ਤੀਆਂ
ਪੂੰਝੀਆਂ ਸੁਆਰੀਆਂ
ਅੰਦਰੋਂ ਬਾਹਰੋਂ ਰੰਗੀਆਂ
ਫੁੱਲਾਂ ਦੀਆਂ ਲੜੀਆਂ ਟੰਗੀਆਂ

ਆਏ ਗੁਰੂ
ਸਭ ਤੋਂ ਸੋਹਣੀ ਕਿਸ਼ਤੀ ਬਾਬਤ ਪੁੱਛਿਆ –
    ਇਹ ਕਿਸ ਦੀ ਹੈ ਭਾਈ?
ਮੇਰੀ ਹੈ

*Original with;*
Jaswant Singh Zafar
*Digitized by;*
Panjab Digital Library

ਮਾਲਕ ਮਲਾਹ ਨੇ ਦੱਸਿਆ
ਗੁਰੂ ਦੇ ਹੋਠਾਂ 'ਤੇ ਮੁਸਕਾਨ ਆਈ
ਫਿਰ ਦੂਸਰੀ, ਤੀਸਰੀ...
ਕਿਸ਼ਤੀ ਬਾਬਤ ਉਹੀ ਪੁੱਛਿਆ–
        ਇਹ ਕਿਸਦੀ? ਉਹ ਕਿਸਦੀ?...
ਇਹ ਮੇਰੀ, ਉਹ ਮੇਰੀ...
ਮਾਲਕ ਮਲਾਹਾਂ ਉਹੀ ਜਵਾਬ ਦੁਹਰਾਏ
ਗੁਰੂ ਹਰ ਵਾਰ ਹੋਠੀਂ ਮੁਸਕੁਰਾਏ
ਜਦ ਆਖ਼ਰੀ ਕਿਸ਼ਤੀ ਵੱਲ
ਇਸ਼ਾਰਾ ਕਰਕੇ ਪੁੱਛਿਆ –
        ਔਹ ਬੇੜੀ ਕਿਸ ਦੀ ਹੈ?
ਵੱਖਰੀ ਤਰ੍ਹਾਂ ਦਾ ਜਵਾਬ ਆਇਆ–
        ਤੇਰੀ ਹੈ
ਗੁਰੂ ਦਾ ਸਾਰਾ ਵਜੂਦ ਮੁਸਕੁਰਾਇਆ–
        ਤੇ ਤੂੰ ਕੌਣ ਭਾਈ?
ਸੈਦਾ, ਜਿਸਨੂੰ ਤੁਸਾਂ ਇਸ ਆਹਰੇ ਲਾਇਆ

ਸੱਚੀਆਂ ਸਰਕਾਰਾਂ ਸੈਦੇ ਦੀ
ਜਾਣੀ ਆਪਣੀ
ਕਿਸ਼ਤੀ ਵਿਚ ਬਹਿ ਗਈਆਂ
ਬੇਗਾਨੀਆਂ ਸਭ ਕਿਸ਼ਤੀਆਂ ਦੀਆਂ ਸਜਾਵਟਾਂ
ਧਰੀਆਂ ਧਰਾਈਆਂ ਰਹਿ ਗਈਆਂ

*Original with;*
Jaswant Singh Zafar
*Digitized by;*
Panjab Digital Library

ਸੈਦੇ ਦਾ ਧਿਆਨ
ਇੱਕ ਟੱਕ ਗੁਰੂ ਮੁੱਖ 'ਤੇ
ਚਲਾਉਂਦਾ ਕਿਸ਼ਤੀ ਬੜੀ ਧੀਮੀ ਚਾਲ
ਕਾਹਲ ਗੁਰੂ ਨੂੰ ਵੀ ਨਾ ਸੀ
ਕਰਦੇ ਰਹੇ ਨਿੱਕੀਆਂ ਨਿੱਕੀਆਂ ਗੱਲਾਂ
ਪੁੱਛਦੇ ਰਹੇ ਉਸਦੇ
ਘਰ ਪਰਿਵਾਰ ਦਾ ਹਾਲ

ਪਹੁੰਚ ਕੇ ਪਰਲੇ ਕਿਨਾਰੇ
ਗੁਰੂ ਨੇ ਪੁੱਛਿਆ-
        ਭਾੜਾ ਕਿੰਨਾ ਸੈਦੇ ਭਾਈ?
ਅੱਲ੍ਹਾ ਦੁਹਾਈ
ਮੈਂ ਭਾੜਾ ਲਵਾਂ ਨਾ ਕਾਈ
ਭਾਵੇਂ ਮੈਂ ਬੰਦਾ ਛੋਟਾ
ਤੇ ਤੂੰ ਵੱਡ ਅਵਤਾਰ
ਫਿਰ ਵੀ ਸਾਡਾ ਦੋਹਾਂ ਦਾ
ਇੱਕ ਹੈ ਕਾਰੋਬਾਰ
        ਉਹ ਕਿਵੇਂ ਭਾਈ?
ਜੋ ਮੇਰੇ ਕੋਲ਼ ਆ ਕੇ
ਇੱਕ ਪੈਸਾ ਹੈ ਭਾੜਾ ਦਿੰਦਾ
ਆਪਣੀ ਬੇੜੀ ਵਿੱਚ ਬਿਠਾ ਕੇ
ਮੈਂ ਇਸ ਨਦੀਓਂ ਪਾਰ ਕਰਾਉਂਦਾ

*Original with;*
Jaswant Singh Zafar
*Digitized by;*
Panjab Digital Library

ਸੁਣਿਆ ਤੇਰੇ ਕੋਲ਼ ਜੋ ਹੈ ਆਉਂਦਾ
ਤੂੰ ਉਸਦੀ ਬੇੜੀ ਬੰਨੇ ਲਾਉਂਦਾ
ਭਵਜਲ ਪਾਰ ਕਰਾਉਂਦਾ

ਸੈਦੇ ਮਲਾਹ ਨੂੰ
ਗੁਰੂ ਮਲਾਹ ਨੇ
ਘੁੱਟ ਕੇ ਸੀਨੇ ਲਾਇਆ
ਇੰਜ ਸੈਦੇ ਨੇ ਗੁਰ ਗੋਬਿੰਦ ਤੋਂ
ਭਾੜਾ ਖ਼ੂਬ ਉਗਰਾਇਆ

•

*Original with;*
Jaswant Singh Zafar
*Digitized by;*
Panjab Digital Library

## ਚੱਪੇ ਚੱਪੇ ਆਨੰਦਪੁਰ

ਪਟਨੇ ਦੀ ਧਰਤੀ ਤੋਂ ਮਾਂ ਗੁਜਰੀ ਦਾ ਚੰਨ
ਚੱਕ ਮਾਤਾ ਨਾਨਕੀ ਆਇਆ
ਇਸ ਧਰਤੀ ਦਾ
ਚਾਅ ਨਾਲ਼ ਸਮੁੰਦਰ ਵਾਂਗ ਉਮੜਨ ਨੂੰ
ਉੱਛਲਣ ਨੂੰ ਚਿੱਤ ਕੀਤਾ
ਇਹ ਧਰਤੀ ਨਿਓਟਿਆਂ ਦੀ ਓਟ
ਨਿਆਸਰਿਆਂ ਦਾ ਆਸਰਾ ਬਣੀ

ਨੌਵੇਂ ਗੁਰਾਂ ਦਾ
ਇੱਕ ਸੀਸ ਅਸਤ ਹੋਇਆ
ਅਣਗਿਣਤ ਸਿਰ
ਸਤਿ ਸ੍ਰੀ ਅਕਾਲ ਦਾ ਜੈਕਾਰਾ ਬਣ ਉਦੈ ਹੋਏ
ਬਾਹਰ ਫੌਲਾਦੀ ਤੇਗਾਂ ਲਿਸ਼ਕੀਆਂ
ਅੰਦਰ ਸ਼ਬਦ ਬਾਣ ਚੱਲੇ
ਵਾਸਨਾ, ਖ਼ੁਦਗਰਜ਼ੀ, ਹਾਉਮੈ, ਕਰੋਧ ਤੇ ਲਾਲਚ ਗਏ ਸੱਲੇ

ਕੋਲ਼ ਵਗਦਾ ਸਤਲੁਜ ਧੰਨ ਹੋਇਆ
ਨੈਣਾਂ ਵਿੱਚ ਤਾਰੇ ਜਗੇ
ਹਰ ਬੁਝਿਆ ਚਿਹਰਾ ਚੰਨ ਹੋਇਆ

*Original with;*
Jaswant Singh Zafar
*Digitized by;*
Panjab Digital Library

ਗਰੀਬ ਲਈ ਪਾਤਸ਼ਾਹੀ ਦਾ ਫ਼ੁਰਮਾਨ ਹੋਇਆ
ਪੁਰਖਿਆਂ ਦਾ ਬੇਗ਼ਮਪੁਰੇ ਦਾ ਸੁਪਨਾ
ਆਨੰਦਪੁਰ ਦੇ ਨਾਂ ਨਾਲ਼ ਤਾਮੀਲ ਹੋਇਆ
ਦੀਨ ਹੇਤ ਲੜਨਹਾਰਿਆਂ ਦੀ
ਖਾਲਸ ਫ਼ਸਲ ਤਿਆਰ ਹੋਈ

ਹੱਕ, ਸੱਚ, ਨਿਆਂ ਦੀ ਸੁਰੱਖਿਆ ਲਈ
ਸਬਰ ਤੇ ਸ਼ੁਕਰ ਦੇ ਕਿਲੇ ਉਸਰੇ
ਸੱਚੇ ਪਾਤਸ਼ਾਹ ਦੀ ਅਰਸ਼ੋਂ ਉੱਚੀ ਕਲਗੀ ਸਾਹਵੇਂ
ਬਾਦਸ਼ਾਹੀਆਂ ਤੁੱਛ ਹੋਈਆਂ

ਸਤਿਗੁਰਾਂ ਛੱਡ ਕੇ ਆਨੰਦਪੁਰ
ਚਹੁੰ ਤਰਫੀਂ ਗੋਬਿੰਦ ਮਾਰਗ ਵਿਛਾ ਦਿੱਤਾ
ਚੱਪੇ ਚੱਪੇ ਨੂੰ ਆਨੰਦਪੁਰੀ ਜਜ਼ਬੇ ਨਾਲ਼
ਮਹਿਕਣ ਲਾ ਦਿੱਤਾ

•

*Original with;*
Jaswant Singh Zafar
*Digitized by;*
Panjab Digital Library

## ਸ਼ੋਰ ਮੌਨ ਹੋ ਗਿਆ

ਜਦ ਉਸ ਨੂੰ ਲਗਦਾ ਸੀ
ਕਿ ਕੋਈ ਜੀਅ ਉਸ ਦੀ ਨਹੀਂ ਸੁਣਦਾ
ਉਹ ਬਹੁਤ ਬੋਲਦਾ ਸੀ

ਜਦ ਉਸ ਨੂੰ ਲਗਦਾ ਸੀ
ਕਿ ਉਸ ਦੀ ਕੋਈ ਗੱਲ ਨਹੀਂ ਸੁਣੀ ਜਾਂਦੀ
ਉਹ ਉੱਚੀ-ਉੱਚੀ ਬੋਲਦਾ ਸੀ

ਉਹ ਬੜਾ ਰੋਇਆ
ਤਦ ਬਚਨ ਹੋਇਆ-
          ਤੇਰੀ ਤਾਂ ਹਰ ਗੱਲ
          ਸਗਲ ਸ੍ਰਿਸ਼ਟੀ ਸੁਣਦੀ
ਉਹ ਮੌਨ ਹੋ ਗਿਆ

•

*Original with;*
Jaswant Singh Zafar
*Digitized by;*
Panjab Digital Library

## ਅਕੁਛ

ਇਹ ਜੋ ਮੈਂ ਹਾਂ
ਬੱਸ ਮਾਮੂਲੀ ਜਿਹਾ ਕੁਛ ਕੁ ਹਾਂ
ਰੋਜ਼ ਮੈਂ ਨਾਲ਼ ਕੁਛ ਕੁਛ ਜੋੜ ਕੇ
ਕੁਛ ਤੋਂ ਕੁਛ ਹੋਣਾ ਚਾਹੁੰਦਾ ਹਾਂ

ਪਰ ਸੁਣਿਆ ਹੈ–
ਸਭ ਕੁਛ ਹੋਣ ਲਈ
ਮੈਂ ਦਾ ਕੁਛ ਨਾ ਹੋਣਾ ਜ਼ਰੂਰੀ ਹੁੰਦਾ

•

*Original with;*
Jaswant Singh Zafar
*Digitized by;*
Panjab Digital Library

## ਲਗਨ

ਆਉਂਦੇ ਸਾਹ ਨਾਲ਼ 'ਤੂੰ' ਆਵੇ
ਜਾਂਦੇ ਨਾਲ਼ 'ਮੈਂ' ਜਾਵੇ
ਆਵਣ ਜਾਣ ਬਣੇ ਇਸ ਭਾਂਤੀ
ਕੁੱਲ ਮੈਂ ਨੂੰ ਤੂੰ ਬਣਾਵੇ
ਤੂੰ ਮੈਂ ਇੱਕ ਹੋ ਜਾਵੇ
ਐਸੀ ਲਗਨ ਲਗੇ ਮਨ ਅੰਤਰ
ਮਸਲਾ ਮੂਲ ਮੁਕਾਵੇ

•

*Original with;*
Jaswant Singh Zafar
*Digitized by;*
Panjab Digital Library

## ਇੱਕੋ ਗੱਲ

ਹਰ ਸੁੱਖ ਦੇ ਨਾਲ਼ ਵੀ ਆਵੇ
ਉਸ ਤੋਂ ਵੱਡਾ ਦੁੱਖ
ਕੁੱਲ ਦੁੱਖਾਂ ਤੋਂ ਛੋਟਾ ਬੰਦਾ
ਦੁਖੀ ਹੁੰਦਾ ਦੁਖਿਆਰਾ ਬਣਦਾ
ਹੋਣ ਲਈ ਦੁੱਖਾਂ ਤੋਂ ਵੱਡੇ
ਵੱਡੇ ਇੱਕ ਨਾਲ਼ ਜੁੜਨਾ ਪੈਂਦਾ
ਜਾਂ ਕਹਿ ਲਓ ਕਿ
ਉਸਨੂੰ ਨਾਲ਼ ਜੋੜਨਾ ਪੈਂਦਾ

ਓ ਹੈਲੋ, ਕਿਹੜਾ 'ਵੱਡਾ'?
ਵੱਡਾ-ਵੁੱਡਾ ਕੁਛ ਨਹੀਂ ਹੁੰਦਾ

ਚਲੋ, ਤੁਹਾਡੀ ਗੱਲ ਹੀ
ਮੰਨ ਲੈਂਦੇ ਹਾਂ, ਕਾਮਰੇਡ ਜੀ

ਕਿ ਹੋਣ ਲਈ ਦੁੱਖ ਸੁੱਖ ਤੋਂ ਵੱਡੇ
'ਕੁਛ ਨਹੀਂ' ਹੋਣਾ ਪੈਂਦਾ

•

*Original with;*
Jaswant Singh Zafar
*Digitized by;*
Panjab Digital Library 

## ਕੰਪਨ ਯਾਤਰਾ

ਨੰਗੇ ਪੈਰੀਂ ਖੜ੍ਹਿਆਂ
ਧਰਤੀ 'ਚੋਂ ਤਲੀਆਂ ਨੂੰ
ਝਰਨਾਹਟ ਹੋਈ ਮਹਿਸੂਸ
ਸੂਖ਼ਮ ਜਿਹੀ

ਇਹ ਕੰਪਨ
ਪੈਰਾਂ ਤੋਂ ਉੱਪਰ
ਚੱਲੀ ਦੇਹੀ ਵੱਲ
ਨਾਭੀ ਨੂੰ ਛੂਹ ਕੇ
ਘੰਡੀ ਤੱਕ ਆਈ
ਜੀਭ ਥਰਥਰਾਈ
ਫਰਕਦੇ ਬੁੱਲ੍ਹਾਂ 'ਚੋਂ ਆਵਾਜ਼ ਆਈ

ਕੰਨਾਂ ਨੇ ਤੇਰਾ ਨਾਮ ਸੁਣਿਆ

•

*Original with;*
Jaswant Singh Zafar
*Digitized by;*
Panjab Digital Library

## ਅੰਦਰਲਾ ਰੰਗ

ਦੂਰ ਜਿੱਥੇ ਖੇਤ ਮੁੱਕਦੇ ਲਗਦੇ
ਸੂਰਜ ਅਸਤ ਹੋਣਹਾਕਾ ਹੈ
ਧਰਤੀ ਦੀ ਹਰਿਆਵਲ ਦੇ
ਅਣਗਿਣਤ ਸ਼ੇਡ ਨੇ

ਅਸਮਾਨ ਦੇ ਸਿਖ਼ਰ ਤੋਂ ਲਹਿੰਦੇ ਤੱਕ
ਨੀਲੇ ਤੋਂ ਲਾਲ ਬਣਦੇ ਅਨੇਕ ਰੰਗ

ਆਪਣੇ ਅੰਦਰ ਦੇਖਦਾ ਹਾਂ
ਤਾਂ ਪਹਿਲਾਂ
ਗੂੜ੍ਹਾ ਕਾਲ਼ਾ ਨ੍ਹੇਰਾ ਦੇਖ ਕੇ ਘਬਰਾਉਂਦਾ ਹਾਂ
ਫਿਰ "ਕੋਈ ਨਾ" ਕਹਿ ਕੇ
ਟਾਲ ਦਿੰਦਾ ਹਾਂ

ਅਖ਼ੀਰ ਖੁਸ਼ ਹੁੰਦਾ ਹਾਂ
ਕਿ ਕਾਲ਼ਾ ਰੰਗ ਹੀ
ਸਾਰੇ ਰੰਗਾਂ ਨੂੰ ਜਜ਼ਬ ਕਰ ਸਕਦਾ
ਮੈਂ ਅੰਦਰੋਂ ਸਰਬ ਰੰਗਾ ਹੋ ਸਕਦਾ ਹਾਂ

●

*Original with;*
Jaswant Singh Zafar
*Digitized by;*
Panjab Digital Library 

## ਬਾਇਓਡੈਟਾ

ਨਵਾਂ ਸਾਕ ਜੁੜਨੋਂ ਪਹਿਲਾਂ ਪੁੱਛਦਾ
ਕਿੰਨੇ ਵੇਰਵੇ ਯਾਨੀ ਬਾਇਓਡੈਟਾ-
ਉਮਰ ਕੱਦ ਕਾਠ
ਆਮਦਨ ਠਾਠ ਬਾਠ
ਜਾਤ ਗੋਤ ਖਾਨਦਾਨ
ਕਿੰਨੇ ਏਕੜ ਜ਼ਮੀਨ
ਕਿੰਨੇ ਸੌ ਗਜ ਦਾ ਮਕਾਨ

ਨਵੀਂ ਨੌਕਰੀ ਮਿਲਣੋਂ ਪਹਿਲਾਂ
ਮੰਗਦੀ ਬਾਇਓਡੈਟਾ ਯਾਨੀ -
ਵਿੱਦਿਅਕ ਤੇ ਤਕਨੀਕੀ ਯੋਗਤਾ
ਤਜਰਬਾ
ਸਰੀਰਕ ਨਿਰੋਗਤਾ
ਨੱਥੀ ਪ੍ਰਮਾਣ ਪੱਤਰ

ਹਰ ਸਨਮਾਨ ਪੁਰਸਕਾਰ ਮਿਲਣੋਂ ਪਹਿਲਾਂ
ਘੋਖਦਾ ਔਕਾਤ ਯਾਨੀ ਬਾਇਓਡੈਟਾ -
ਰੁਤਬਾ ਘਾਲ ਕਮਾਈ
ਵਿਸ਼ੇਸ਼ ਯੋਗਦਾਨ
ਤੇ ਬਣੀ ਬਣਾਈ

*Original with;*
Jaswant Singh Zafar
*Digitized by;*
Panjab Digital Library

ਪਰ ਰੂਹਾਂ ਮਿਲਦੀਆਂ
ਕਦੀ ਨਾ ਮੰਗਦੀਆਂ ਕੋਈ ਵੇਰਵਾ
ਨਾ ਪਰਖਦੀਆਂ ਜਾਤ ਔਕਾਤ
ਨਾ ਘੋਖਦੀਆਂ ਚਰਿੱਤਰ
ਨਾ ਕੋਈ ਪ੍ਰਮਾਣ ਪੱਤਰ

ਰੂਹਾਂ ਦਾ ਕੋਈ ਬਾਇਓਡੈਟਾ ਨਹੀਂ ਹੁੰਦਾ

•

*Original with;*
Jaswant Singh Zafar
*Digitized by;*
Panjab Digital Library 

## ਬੱਦਲ

ਉੱਡਦੇ ਬੱਦਲ ਮਿਲਦੇ
ਇੱਕ ਦੂਏ ਦੀ ਜਾਤ-ਗੋਤ
ਕੱਦ-ਕਾਠ, ਠਾਠ ਬਾਠ
ਜੈਦਾਤ-ਔਕਾਤ, ਪਤਾ-ਟਿਕਾਣਾ
ਵਿੱਦਿਅਕ ਯੋਗਤਾ ਵਗ਼ੈਰਾ ਨਹੀਂ ਪੁੱਛਦੇ
ਬੱਸ ਘੁਲ਼ ਮਿਲ ਕੇ ਬਰਸ ਜਾਂਦੇ

ਰੂਹਾਂ ਵਾਂਗ
ਬੱਦਲਾਂ ਦਾ ਵੀ
ਕੋਈ ਬਾਇਓਡਾਟਾ ਨਹੀਂ ਹੁੰਦਾ

•

*Original with;*
Jaswant Singh Zafar
*Digitized by;*
Panjab Digital Library

## ਬਹਾਨਾ

ਨਾ ਤਾਂ ਮਨ ਦਾ ਮਾਹੌਲ
ਇੰਨਾ ਖ਼ੁਸ਼ਗਵਾਰ
ਤੇ ਨਾ ਤੇਰਾ ਸਾਥ ਹੈ
ਕਿ ਖ਼ੂਬ ਹੱਸ ਲਵਾਂ

ਨਾ ਤਾਂ ਮਨ ਦਾ ਮਾਹੌਲ
ਇੰਨਾ ਗ਼ਮਗੀਨ
ਨਾ ਤੇਰਾ ਸਾਥ ਹੈ
ਕਿ ਰੱਜ ਕੇ ਰੋ ਲਵਾਂ

ਨਾ ਤਾਂ ਮਨ ਵਿੱਚ
ਕੋਈ ਖ਼ਿਆਲ
ਨਾ ਤੇਰਾ ਸਾਥ ਹੈ
ਕਿ ਖ਼ੂਬ ਗੱਲਾਂ ਕਰਾਂ

ਨਾ ਤਾਂ ਮਨ ਵਿੱਚ
ਕੋਈ ਟਿਕਟਿਕਾ
ਨਾ ਤੇਰਾ ਸਾਥ ਹੈ
ਕਿ ਸ਼ਾਂਤ ਖਾਮੋਸ਼ੀ ਧਾਰਨ ਕਰਾਂ

ਮਨ ਬੇਚਾਰਾ ਤਾਂ ਬਹਾਨਾ ਹੈ
ਗੱਲ ਤਾਂ ਸਾਰੀ ਤੇਰੀ ਹੈ

*Original with;*
Jaswant Singh Zafar
*Digitized by;*
Panjab Digital Library

## ਦੋ ਸਵਾਲ

ਸ਼ਾਇਦ ਮੇਰਾ ਸੁਣਨਾ ਨੁਕਸਦਾਰ ਹੈ
ਮੈਨੂੰ ਓਨਾ ਹੀ ਸੁਣਦਾ
ਜਿੰਨਾ ਕੁ ਤੂੰ ਬੋਲਦਾ
ਕੀ ਤੂੰ ਆਪਣੇ ਬੋਲਣ ਤੋਂ
ਵਾਧੂ ਵੀ ਕੁਝ ਕਹਿ ਰਿਹੈਂ?

ਮੈਂ ਤੈਨੂੰ ਆਪਣੇ ਬੋਲਣ ਤੋਂ ਬਿਨਾਂ ਵੀ
ਕੁਛ ਨਾ ਕੁਛ ਕਹਿੰਦਾ ਰਹਿੰਦਾਂ
ਕੀ ਤੈਨੂੰ ਮੇਰੇ ਬੋਲਣ ਤੋਂ
ਵਾਧੂ ਵੀ ਕੁਛ ਸੁਣਦੈ?

ਇਹ ਦੋ ਸਵਾਲ
ਤੇਰੇ ਮੇਰੇ ਵਿਚਲੀ ਕੰਧ ਦੇ
ਦੋ ਪਾਸੇ ਨੇ

•

*Original with;*
Jaswant Singh Zafar
*Digitized by;*
Panjab Digital Library

# ਪਹਿਲੀ ਵਾਰ

ਤੇਰੇ ਨਾਲ਼ ਬੈਠਾ ਤਾਂ ਲੱਗਿਆ
ਕਿ ਪਹਿਲੀ ਵਾਰ ਬੈਠਾ ਹਾਂ
ਹੁਣ ਤੱਕ ਤਾਂ ਬੈਠਣਾ ਸਿੱਖਦਾ ਹੀ ਰਿਹਾ

ਤੇਰੇ ਨਾਲ਼ ਤੁਰਿਆ ਤਾਂ ਲੱਗਿਆ
ਕਿ ਪਹਿਲੀ ਵਾਰ ਤੁਰਿਆ ਹਾਂ
ਹੁਣ ਤੱਕ ਤਾਂ ਤੁਰਨ ਦਾ ਅਭਿਆਸ ਹੀ ਕਰਦਾ ਰਿਹਾ

ਤੇਰੇ ਨਾਲ਼ ਗੱਲਾਂ ਕਰਕੇ ਲੱਗਿਆ
ਕਿ ਪਹਿਲੀ ਵਾਰ ਬੋਲਿਆ ਹਾਂ
ਹੁਣ ਤੱਕ ਬੋਲਣ ਦਾ ਰਿਆਜ਼ ਹੀ ਕਰਦਾ ਰਿਹਾ

ਤੇਰੇ ਆਉਣ ਤੇ
ਮੈਨੂੰ ਲੱਗਿਆ ਸੀ
ਕਿ ਮੈਂ ਹੁਣੇ ਜਨਮਿਆਂ ਹਾਂ

•

*Original with;*
Jaswant Singh Zafar
*Digitized by;*
Panjab Digital Library

## ਅਜੇ ਤਾਂ

ਮੈਨੂੰ ਤੇਰੀ ਹਰ ਅਦਾ
ਅਜੇ ਭਾਉਣ ਨਹੀਂ ਲੱਗੀ
ਤੇਰੀ ਹਰ ਪਸੰਦ
ਪਸੰਦ ਆਉਣ ਨਹੀਂ ਲੱਗੀ

ਤੇਰੀ ਹਰ ਦਿਲਚਸਪੀ
ਦਿਲਚਸਪ ਨਹੀਂ ਲੱਗਣ ਲੱਗੀ

ਅਜੇ ਤੇਰਾ ਹਰ ਇੱਕ ਰੰਗ
ਪੂਰਾ ਫੱਬਣ ਨਹੀਂ ਲੱਗਾ
ਤੇਰਾ ਹਰ ਦੁੱਖ
ਆਪਣਾ ਲੱਗਣ ਨਹੀਂ ਲੱਗਾ

ਤੇਰੀ ਹਰ ਵੇਦਨਾ
ਹਰ ਤੜਪ ਦਾ ਅਹਿਸਾਸ ਨਹੀਂ
ਤੇਰੇ ਅੰਦਰੋਂ ਸਾਰੀ ਪੀੜ ਨੂੰ
ਚੂਸ ਲੈਣ ਵਾਲ਼ੀ
ਮੈਨੂੰ ਪਿਆਸ ਨਹੀਂ

ਇਹ ਲਵ ਯੂ ਲੁਵ ਯੂ ਤਾਂ
ਅਜੇ ਕਹਿਣ ਦੀਆਂ ਗੱਲਾਂ ਹਨ

●

*Original with;*
Jaswant Singh Zafar
*Digitized by;*
Panjab Digital Library

## ਛੋਹ ਦਾ ਅਸਰ

ਤੇਰੀ ਵਿਥਿਆ ਸੁਣ ਕੇ
ਮੈਂ ਡੋਲ ਜਾਂਦਾ ਹਾਂ

ਤੇਰੀ ਛੋਹ ਨਾਲ਼
ਸੰਭਲ਼ ਜਾਂਦਾ ਹਾਂ

ਜੇ ਤੂੰ ਇੰਜ ਸੰਭਾਲ਼ੀ ਰੱਖੇਂ
ਤਾਂ ਮੈਂ ਸਾਰੀ ਉਮਰ
ਤੇਰੀ ਵਿਥਿਆ ਸੁਣ ਸਕਦਾ ਹਾਂ

•

*Original with;*
Jaswant Singh Zafar
*Digitized by;*
Panjab Digital Library

## ਮੇਲਾ

ਮੈਨੂੰ ਕੈਦ ਨਾ ਕਰੀਂ
ਵਲਗਣ ਭਾਵੇਂ
ਪ੍ਰੇਮ ਦੀ ਹੋਵੇ
ਮੇਰਾ ਮੇਲੇ ਵਿੱਚ ਹੀ
ਜੀਅ ਲੱਗਦਾ ਹੈ

ਪਰ ਤੂੰ
ਆਸ ਪਾਸ ਰਹੀਂ
ਮੈਨੂੰ ਮੇਲੇ ਵਿੱਚ
ਗੁਆਚਣ ਤੋਂ
ਡਰ ਵੀ ਲੱਗਦਾ ਹੈ

•

*Original with;*
Jaswant Singh Zafar
*Digitized by;*
Panjab Digital Library

## ਸਾਈਡ ਇਫੈਕਟ

ਮੇਰੀ ਲਗਨ ਦਾ
ਤੈਨੂੰ ਨਹੀਂ
ਰੱਬ ਨੂੰ ਪਤਾ ਲੱਗ ਗਿਆ ਹੋਣਾ
ਤੇਰੇ ਤੱਕ ਪਹੁੰਚਣ ਦੀ ਲਗਨ ਮੇਰੀ ਨੇ
ਹੁਣ ਰੱਬ ਨੂੰ ਮੇਰੇ ਕੋਲ਼ ਲੈ ਆਉਣਾ
ਜਲਦੀ ਇੱਕ ਦਿਨ

•

*Original with;*
Jaswant Singh Zafar
*Digitized by;*
Panjab Digital Library

## ਜੀਅ ਲੱਗਿਆ

ਐ ਮੁਹੱਬਤ !
ਧਰਤੀ 'ਤੇ
ਤੇਰੀ ਮੌਜੂਦਗੀ ਦੇ ਅਹਿਸਾਸ ਕਰਕੇ
ਮੇਰਾ ਦੁਨੀਆ 'ਤੇ
ਜੀਅ ਲੱਗਿਆ ਰਹਿੰਦੈ

•

*Original with;*
Jaswant Singh Zafar
*Digitized by;*
Panjab Digital Library

## ਦੋ ਸਫ਼ਰ

ਮੇਰੀ ਮਰਜ਼ੀ ਦਾ
ਮੇਰਾ ਸਫ਼ਰ
ਤੇਰੇ ਤੱਕ ਹੋਵੇ

ਫਿਰ ਅਗਲਾ ਸਫ਼ਰ
ਤੇਰੇ ਨਾਲ਼
ਤੇਰੀ ਮਰਜ਼ੀ ਦਾ

•

*Original with;*
Jaswant Singh Zafar
*Digitized by;*
Panjab Digital Library

## ਉਤਾਰਾ

ਜਾਣਦਾ ਹਾਂ
ਕਿ ਹਰ ਵਾਰ ਧਰਤੀ 'ਤੇ
ਮੇਰਾ ਉਤਾਰਾ
ਮਾਂ ਦੀ ਦੇਹ ਰਾਹੀਂ ਹੁੰਦਾ

ਚਾਹੁੰਦਾ ਹਾਂ
ਕਿ ਹਰ ਵਾਰ ਸ਼ਹਿਰ 'ਚ
ਮੇਰਾ ਉਤਾਰਾ
ਤੇਰੀਆਂ ਬਾਹਾਂ ਰਾਹੀਂ ਹੋਵੇ

•

*Original with;*
Jaswant Singh Zafar
*Digitized by;*
Panjab Digital Library

## ਸੁਣਨਾ

ਉਸ ਨੂੰ ਪਤੈ
ਮੈਨੂੰ ਸਭ ਤੋਂ ਚੰਗਾ ਕੀ ਸੁਣਨਾ ਲੱਗਦੈ
ਹਰ ਵਾਰਤਾਲਾਪ ਦੇ ਸਿਖਰ 'ਤੇ ਪਹੁੰਚ
ਉਹ ਪੁੱਛਦੀ–
            ਤੈਨੂੰ ਇੱਕ ਗੱਲ ਦੱਸਾਂ?
ਮੈਨੂੰ ਪਤਾ ਹੁੰਦਾ ਉਸ ਕੀ ਦੱਸਣਾ
ਫਿਰ ਵੀ ਉਹ ਸੁਣਨ ਲਈ
ਮੇਰਾ ਰੋਮ ਰੋਮ
ਪੂਰਾ ਵਜੂਦ
ਕੰਨ ਦਾ ਰੂਪ ਧਾਰ ਲੈਂਦਾ

•

*Original with;*
Jaswant Singh Zafar
*Digitized by;*
Panjab Digital Library

## ਸੂਰਜਮੁਖੀ ਦੀ ਪ੍ਰਾਰਥਨਾ

ਮੇਰੀ ਸੁਰਤ
ਤੇਰੇ ਵਿੱਚ ਰਹਿੰਦੀ
ਤੇਰੇ ਨਾਲ਼-ਨਾਲ਼ ਘੁੰਮਦੀ
ਜਿਵੇਂ ਤੂੰ ਸੂਰਜ
ਤੇ ਮੈਂ ਸੂਰਜਮੁਖੀ ਦੀ ਡੋਡੀ
ਜਾਂ ਉਸ ਦਾ ਲੈਰਾ ਫੁੱਲ ਹੋਵਾਂ

ਮੇਰੇ ਸੂਰਜ
ਮੈਨੂੰ ਪੂਰਾ ਖਿੜਾ ਦੇ
ਆਪਣੀ ਤਪਸ਼ ਨਾਲ਼ ਪਕਾ ਕੇ
ਮੁਕੰਮਲ ਕਰ ਦੇ
ਆਪਣਾ ਰੂਪ ਕਰ ਦੇ
ਤੂੰ ਮੇਰੇ ਲਈ ਸਥਿਰ ਹੋ ਜਾ
ਯਾਨੀ
ਮੈਨੂੰ ਆਪਣੇ ਵਾਂਗ ਸਥਿਰ ਕਰ ਦੇ।

•

*Original with;*
Jaswant Singh Zafar
*Digitized by;*
Panjab Digital Library

## ਸਟੇਸ਼ਨ

ਚੱਲਦੀ ਗੱਡੀ ਹੌਲ਼ੀ ਹੋਈ ਤਾਂ
ਇੱਕ ਨੇ ਸਾਵਧਾਨ ਕਿਹਾ-
ਮੇਰਾ ਸਟੇਸ਼ਨ ਆ ਗਿਆ ਹੈ
ਹੁਣ ਮੈਂ ਉਤਰਨਾ

ਦੂਸਰੇ ਨੇ ਗੰਭੀਰ ਅਤੇ ਸਹਿਜ ਹੋ ਕਿਹਾ -
ਮੇਰਾ ਸਟੇਸ਼ਨ ਤਾਂ ਹੁਣ
ਨਾ ਆਉਣਾ ਹੈ
ਨਾ ਜਾਣਾ ਹੈ
ਤੇਰੇ ਨਾਲ਼ ਹੀ ਰਹਿਣਾ ਹੈ

•

*Original with;*
Jaswant Singh Zafar
*Digitized by;*
Panjab Digital Library 

## ਨੇੜਤਾ

ਤੇਰੇ ਨਾਲ਼ ਜੁੜਿਆ ਰਹਾਂ ਮੈਂ
ਦੂਰ ਕਦੀ ਨਾ ਹੋਵਾਂ

ਯੂਨੀਵਰਸਲ ਕੀ ਬੋਰਡ 'ਤੇ
ਜਿਵੇਂ ਆਈ (I) ਤੇ ਯੂ (U) ਇਕੱਠੇ

ਆਈ ਯੂ ਤੋਂ ਪਹਿਲਾਂ
ਤੇਰੇ ਮੇਰੇ ਕਰਕੇ

•

*Original with;*
Jaswant Singh Zafar
*Digitized by;*
Panjab Digital Library

## ਜਿਉਂਣ ਦਾ ਲਾਭ

ਮੇਰੇ ਜਿਉਂਣ ਦਾ ਹੋਰ ਕੋਈ ਲਾਭ
ਹੋਵੇ ਨਾ ਹੋਵੇ
ਪਰ ਜਿਉਂਦਾ ਰਹਿ ਕੇ ਮੈਂ
ਉਸ ਦੁੱਖ ਨੂੰ ਟਾਲ਼ੀ ਰੱਖਦਾ
ਜੋ ਮੇਰੇ ਮਰਨ ’ਤੇ
ਮੇਰੇ ਪਿਆਰਿਆਂ ਨੂੰ ਹੋਣਾ ਹੈ

•

*Original with;*
Jaswant Singh Zafar
*Digitized by;*
Panjab Digital Library

## ਇਕ ਸੁਪਨਾ

ਭੀੜ 'ਚ ਤੁਰਦਿਆਂ
ਮੇਰੇ ਇੱਕ ਹੱਥ ਕਿਤਾਬ
ਤੇ ਦੂਸਰੇ 'ਚ ਕੁਝ ਫੁੱਲ ਸਨ
ਸੱਜੇ ਪਾਸੇ ਪਿੱਛੇ ਨਾਲ਼-ਨਾਲ਼ ਤੂੰ ਸੀ
ਕਿਤਾਬ ਹੱਥੋਂ ਡਿੱਗੀ
ਉਠਾਉਣ ਲਈ ਝੁਕਣ ਤੋਂ ਪਹਿਲਾਂ
ਮੈਂ ਫੁੱਲ ਪਿੱਛੇ ਤੈਨੂੰ ਫੜਾ ਦਿੱਤੇ
ਦੁਬਾਰਾ ਦੋ ਕਦਮ ਤੁਰੇ
ਤੂੰ ਪਿੱਛਿਓਂ ਪਿੱਠ ਠਕੋਰ ਕੇ
ਫੁੱਲ ਵਾਪਸ ਮੈਨੂੰ ਫੜਾਉਣੇ ਚਾਹੇ
ਮੈਂ ਪਰਤ ਕੇ ਪਹਿਲਾਂ ਫੁੱਲਾਂ ਨੂੰ
ਤੇ ਫਿਰ ਤੇਰੇ ਪਹਿਰਾਵੇ ਨੂੰ ਗਹੁ ਨਾਲ਼ ਦੇਖਿਆ
ਥੋੜ੍ਹਾ ਹੈਰਾਨ ਤੇ ਬਹੁਤਾ ਖ਼ੁਸ਼ ਹੋਇਆ –
ਦੇਖ, ਇਹ ਤੇਰੇ ਸੂਟ ਦੇ ਪ੍ਰਿੰਟ ਨਾਲ਼
ਹੂ-ਬ-ਹੂ ਮਿਲਦੇ
ਤੂੰ ਆਪਣੇ ਕੋਲ਼ ਰੱਖ ਇਨ੍ਹਾਂ ਫੁੱਲਾਂ ਨੂੰ।

•

*Original with;*
Jaswant Singh Zafar
*Digitized by;*
Panjab Digital Library

## ਮੁਸਕਰਾ ਛੱਡਾਂਗਾ

ਜੇ ਤੁਸੀਂ ਮੈਨੂੰ ਬੁਰਾ ਭਲਾ ਕਹੋਗੇ
ਔਖੇ-ਭਾਰੇ ਹੋਵੋਗੇ
ਗਾਲ਼ਾਂ ਵੀ ਕੱਢੋਗੇ
ਮੈਂ ਤੜਫਾਂਗਾ ਨਹੀਂ
ਮੁਸਕਰਾ ਛੱਡਾਂਗਾ
ਕਿ ਤੁਹਾਨੂੰ ਕੋਈ ਗ਼ਲਤ ਫ਼ਹਿਮੀ ਹੈ

ਜੇ ਤੁਸੀਂ ਮੇਰੀ ਤਾਰੀਫ਼ ਕਰੋਗੇ
ਚੰਗਾ-ਚੰਗਾ ਬੋਲੋਗੇ
ਮੈਂ ਚਾਂਭੜਾਂਗਾ ਨਹੀਂ
ਮੁਸਕੁਰਾ ਛੱਡਾਂਗਾ
ਕਿ ਇਹ ਤੁਹਾਡੀ ਗ਼ਲਤ ਫ਼ਹਿਮੀ ਹੈ

ਪਰ ਇਹ ਤਾਂ ਹੀ ਹੋਵੇਗਾ
ਜੇ ਤੁਸੀਂ ਮੇਰੇ ਕੁਝ ਨਹੀਂ ਲੱਗਦੇ
●

*Original with;*
Jaswant Singh Zafar
*Digitized by;*
Panjab Digital Library 

## ਦੋਸਤਾਂ ਵਾਂਗ

ਦੋਸਤ
ਆਪਣਾ ਸਿਹਤਮੰਦ ਦੋਸਤਾਂ ਵਾਂਗ
ਉੱਠਣਾ ਬੈਠਣਾ ਹੀ ਸ਼ੁਭ ਹੈ
ਇੱਕੋ ਜਿਹੇ ਆਸਣਾਂ ’ਤੇ
ਇੱਕੋ ਜਿਹੇ ਢੰਗ ਨਾਲ਼
ਇੱਕ ਲੈਵਲ ’ਤੇ

ਜਦ ਤੂੰ ਪਲੰਘ ’ਤੇ ਚੌਂਕੜੀ ਮਾਰ ਬੈਠਦਾ
ਮੈਂ ਨੇੜੇ ਕੁਰਸੀ ’ਤੇ
ਤਾਂ ਜਾਪਦਾ
ਜਿਵੇਂ ਕੋਈ ਦੁਖਿਆਰਾ ਦੁਨੀਆਦਾਰ
ਫ਼ਰਿਆਦ ਲੈ ਕੇ ਆਇਆ ਹੋਵੇ

ਜਦ ਹੋਵੇਂ ਇਸੇ ਪਲੰਘ ’ਤੇ ਲੇਟਿਆ
ਤਾਂ ਲਗਦਾ
ਜਿਵੇਂ ਮੈਂ ਮਰੀਜ਼ ਦਾ ਹਾਲ ਪੁੱਛਣ ਆਇਆ ਹੋਵਾਂ
ਦਿਲਾਸਾ ਦੇਣ ਆਇਆ ਹੋਵਾਂ

ਆਪਾਂ ਸਿਹਤਮੰਦ ਦੋਸਤਾਂ ਵਾਂਗ
ਮਿਲਿਆ ਕਰੀਏ

*Original with;*
Jaswant Singh Zafar
*Digitized by;*
Panjab Digital Library

ਦੋਸਤਾਂ ਵਾਂਗ ਬੈਠਿਆ ਕਰੀਏ
ਲੌਬੀ ਜਾਂ ਡਰਾਇੰਗ ਰੂਮ ’ਚ
ਰੈਸਟਰੋਂਟ ਦੇ ਟੇਬਲ ਦੁਆਲ਼ੇ
ਢਾਬੇ ਦੇ ਬੈਂਚ ’ਤੇ
ਕਾਰ ਦੀਆਂ ਬਰੋ-ਬਰਾਬਰ ਸੀਟਾਂ ’ਤੇ
•

*Original with;*
Jaswant Singh Zafar
*Digitized by;*
Panjab Digital Library

## ਸ਼ਬਦ ਮਾਰ

ਮੇਰਾ ਸਰੀਰ ਤਾਂ ਸਰੀਰ ਹੈ ਮੇਰਾ
ਪਰ ਇਹ ਮੈਂ ਨਹੀਂ
ਸਰੀਰ ਤਾਂ ਬਣਿਆ
ਹੱਡ ਮਾਸ ਖ਼ੂਨ ਦਾ
ਇਸ ਦਾ ਬਚਾਅ ਰੱਖਾਂ
ਤੇਜ਼ ਧਾਰ ਤੇਜ਼ ਰਫ਼ਤਾਰ ਮਾਰੂ ਹਥਿਆਰ ਤੋਂ
ਸੱਟ-ਫੇਟ ਤੋਂ

ਮੈਂ ਬਣਿਆਂ ਸ਼ਬਦ ਦਾ
ਇਸ ਨੂੰ ਵੀ ਬਚਾਉਣਾ ਜ਼ਰੂਰੀ

ਤੇਰੇ ਤੋਂ
ਇੰਨਾ ਕੁ ਫ਼ਾਸਲਾ ਬਣਾ ਕੇ ਰੱਖਾਂ
ਕਿ ਬਚਿਆ ਰਹਾਂ
ਤੇਜ਼ ਧਾਰ ਤੇਜ਼ ਰਫ਼ਤਾਰ
ਮਾਰੂ ਸ਼ਬਦ ਤੋਂ
ਇਸ ਦੀ ਸੱਟ-ਫੇਟ ਤੋਂ
ਜਾਨ ਬੜੀ ਪਿਆਰੀ

•

*Original with;*
Jaswant Singh Zafar
*Digitized by;*
Panjab Digital Library

# ਗ੍ਰਹਿਣ

ਸੂਰਜ ਨੂੰ ਲੱਗੇ ਗ੍ਰਹਿਣ ਦਾ
ਸਭ ਨੂੰ ਪਤਾ ਲੱਗਦਾ
ਦਿਸ ਜਾਂਦਾ

ਪਰ ਨਹੀਂ ਦਿਸਦਾ ਉਸ ਵੇਲ਼ੇ
ਗ੍ਰਹਿਣ ਲਾਉਣ ਵਾਲ਼ਾ ਨਿੱਕਾ ਉਪਗ੍ਰਹਿ

ਮੈਥੋਂ ਆਪਣੇ ਆਪੇ ਦਾ
ਕੁਝ ਹਿੱਸਾ ਧੋਣੋਂ ਰਹਿ ਗਿਆ
ਰਹਿ ਕਾਹਨੂੰ ਗਿਆ, ਧੋਣੋਂ ਰੱਖ ਲਿਆ
ਉਸ ਨੂੰ ਹਨੇਰੇ ਵਿੱਚ ਲੁਕੋ ਛੱਡਿਆ
ਮੈਲ਼ ਨੂੰ ਹਨੇਰਾ ਬੜਾ ਰਾਸ ਆਉਂਦਾ
ਛੁਪਿਆ ਕੋਹਜ
ਪ੍ਰਗਟ ਸੋਹਜ ਤੇ ਹਾਵੀ ਹੁੰਦਾ

ਮੈਨੂੰ ਗ੍ਰਹਿਣ ਲਾਉਣ ਵਾਲ਼ੀ ਮੈਲ਼
ਭਾਵੇਂ ਛੁਪੀ ਰਹਿੰਦੀ
ਪਰ ਲੱਗੇ ਗ੍ਰਹਿਣ ਦੀ
ਸਭ ਨੂੰ ਖ਼ਬਰ ਹੁੰਦੀ

*Original with;*
Jaswant Singh Zafar
*Digitized by;*
Panjab Digital Library

## ਰੋਣਾ ਨਹੀਂ

ਢਾਈ ਸਾਲ ਦੀ ਬੇਟੀ
ਟੀਕੇ ਨੂੰ ਜਾਣਦੀ
ਟੀਕੇ ਵਾਲ਼ਾ ਹੱਥ ਵਾਰ ਵਾਰ ਪਰੇ ਕਰਦੀ
ਉਸ ਦੀਆਂ ਬਾਹਵਾਂ ਕਾਬੂ ਕਰ
ਮੈਂ ਟੀਕਾ ਲਗਵਾ ਦਿੰਦਾ
ਬਹੁਤ ਰੋਂਦੀ ਹੈ ਬੇਟੀ
ਮੈਂ ਪਤਿਆ ਕੇ ਆਖਦਾ -
        ਰੋਣਾ ਨਹੀਂ
ਉਹ ਰੋਂਦੇ ਰੋਂਦੇ ਆਖਦੀ -
        ਬਹੁਤ ਦੁੱਖ ਲਗਦਾ, ਪਾਪਾ
ਮੈਂ ਆਖਦਾ-
        ਤੇਰੇ ਰੋਣ ਨਾਲ਼
        ਮੈਨੂੰ ਬਹੁਤ ਦੁੱਖ ਲੱਗਦਾ
        ਮੇਰਾ ਵੀ ਰੋਣਾ ਨਿਕਲਦਾ
ਉਹ ਇੱਕ ਦਮ ਚੁੱਪ ਕਰ ਜਾਂਦੀ
ਆਪੇ ਆਪਣੀਆਂ ਅੱਖਾਂ ਪੂੰਝ ਆਖਦੀ -
        ਹੁਣ ਕਦੇ ਨਹੀਂ ਰੋਊਂਗੀ ਪਾਪਾ
ਮੇਰਾ ਸੱਚੀਂ ਮੁਚੀਂ ਰੋਣਾ ਨਿਕਲ ਜਾਂਦਾ

•

*Original with;*
Jaswant Singh Zafar
*Digitized by;*
Panjab Digital Library

## ਬੇਟੀ

ਇੱਕ ਵਾਕਾਂਸ਼-
'ਮਸ਼ਹੂਰ ਹੋਣਾ'
ਬੇਟੀ ਨੂੰ ਇਸ ਵਿਚਲੇ
'ਮਸ਼ਹੂਰ' ਨਾਲ਼ੋਂ
'ਹੋਣਾ' ਕਮਾਲ ਲਗਦਾ

ਉਸਨੂੰ ਨਿਊਯਾਰਕ ਵਿੱਚ
ਆਪਣੀ ਡਿਜ਼ਾਇਨ ਕੀਤੀ
ਆਈਕਾਨਿਕ ਇਮਾਰਤ ਦੀ
ਉਸਾਰੀ ਨਾਲੋਂ
ਦਹੀਂ ਦਾ ਜੰਮਣਾ
ਵਧੇਰੇ ਅਨੰਦਿਤ ਕਰਦਾ

ਮੈਨੂੰ ਪਤਾ ਹੀ ਨਹੀਂ ਲੱਗਿਆ
ਕਿ ਇਹ ਨੰਨੀ ਜਿਹੀ ਬੇਟੀ
ਕਦੋਂ ਮੇਰੀ ਲਾਈਫ ਕੋਚ ਬਣ ਗਈ

•

*Original with;*
Jaswant Singh Zafar
*Digitized by;*
Panjab Digital Library

## ਝਾਲਰ ਦਾ ਗੋਲ ਘੇਰਾ

ਨਿਊਯਾਰਕ ਦੀ ਤੇਜ਼ ਰਫ਼ਤਾਰੀ
ਡਰਾਉਣੀ ਲੱਗਦੀ
ਚੌਵੀ ਘੰਟੇ ਗੋਲੀ ਵਾਂਗ
ਸ਼ੂਕਦੀਆਂ ਟ੍ਰੇਨਾਂ
ਸੜਕਾਂ 'ਤੇ
ਗੱਡੀਆਂ ਦੇ ਟਾਇਰਾਂ ਦੀ ਚਿਰੜ ਚਿਰੜ
ਕਾਰਾਂ ਤੋਂ ਵੀ ਤੇਜ਼ ਚੱਲਦੇ ਸਾਈਕਲ
ਸਾਈਡ ਵਾਕ 'ਤੇ
ਦੌੜਨ ਵਾਂਗ ਚਲਦੇ ਲੋਕ

ਇਸੇ ਨਿਊਯਾਰਕ ਦੇ
ਡਿਕਸਨ ਹਾਲ ਵਿੱਚ
ਬੇਟੀ ਦੇ ਕੱਥਕ ਨ੍ਰਿਤ ਦਾ ਸ਼ੋਅ ਸੀ ਅੱਜ

ਉਹਦੇ ਪੈਰਾਂ ਦੀ ਥਿਰਕਣ
ਹੱਥਾਂ ਦੀਆਂ ਮੁਦਰਾਵਾਂ
ਅੱਖਾਂ ਦੀਆਂ ਅਦਾਵਾਂ
ਸਭ ਕਮਾਲ ਲੱਗਿਆ
ਹੋਰ ਜ਼ਿਆਦਾ ਮੋਹ ਆਇਆ

*Original with;*
Jaswant Singh Zafar
*Digitized by;*
Panjab Digital Library

ਨ੍ਰਿਤ ਦੇ ਆਖਰੀ ਪਲਾਂ ਵਿੱਚ
ਉਹ ਤੇਜ਼ੀ ਨਾਲ ਘੁੰਮੀ
ਉਸ ਦੀ ਪੁਸ਼ਾਕ ਦੀ ਝਾਲਰ ਦੇ ਘੇਰੇ ਦੀ
ਸੁਹਾਵਣੀ ਗੋਲ ਗਤੀ ਨੇ
ਮੇਰੇ ਮਨ ਵਿਚਲੀ
ਨਿਊਯਾਰਕ ਦੀ ਡਰਾਉਣੀ
ਤੇਜ਼ ਰਫ਼ਤਾਰੀ ਨੂੰ
ਕੁਝ ਪਲਾਂ ਲਈ ਰੋਕ ਦਿੱਤਾ

•

*Original with;*
Jaswant Singh Zafar
*Digitized by;*
Panjab Digital Library

## ਬੇਟੀ ਨੇ

ਨਿਊ ਯਾਰਕ ਦੀਆਂ ਇਮਾਰਤਾਂ ਦੀ
ਉਚਾਈ ਵਿੰਹਦਿਆਂ
ਪੱਗ ਲਹਿੰਦੀ
ਇਹ ਮੈਨੂੰ ਛੋਟਾ ਕਰਦੀਆਂ
ਹੀਣਤਾ ਨਾਲ ਭਰਦੀਆਂ
ਮੈਂ ਹੋਰ ਨੀਵਾਂ ਹੋ ਹੋ ਤੁਰਦਾ

ਇੱਕ ਨਵੀਂ ਬਣੀ
ਉੱਚੀ ਇਮਾਰਤ ਵੱਲ
ਇਸ਼ਾਰਾ ਕਰਦਿਆਂ
ਬੇਟੀ ਨੇ ਦੱਸਿਆ-
    ਇਹ ਅਸੀਂ ਡਿਜ਼ਾਇਨ ਕੀਤੀ ਹੈ
    ਇਸ ਦੀ ਸਿਖਰਲੀ ਛੱਤ
    ਮੇਰੀ ਨਿਗਰਾਨੀ ਹੇਠ ਪਈ ਸੀ

ਇਹ ਦੱਸਦਿਆਂ
ਬੇਟੀ ਨੇ
ਨਿਊਯਾਰਕ ਦੀਆਂ ਸਾਰੀਆਂ ਇਮਾਰਤਾਂ
ਮੇਰੇ ਲਈ ਨੀਵੀਆਂ ਕਰ ਦਿੱਤੀਆਂ
ਮੇਰੀ ਚਾਲ ਵਿੱਚ ਫ਼ਰਕ ਪਿਆ

ਮੈਂ ਪੂਰਾ ਸਿੱਧਾ ਹੋ ਕੇ ਤੁਰਨ ਲੱਗਾ

*Original with;*
Jaswant Singh Zafar
*Digitized by;*
Panjab Digital Library

## ਜਵਾਬ

ਉਹ ਸੋਗ ਤੇ ਸਦਮੇ 'ਚ ਸੀ
ਖ਼ਾਮੋਸ਼ ਅਹਿਲ ਗੁੰਮਸੁੰਮ
ਪਥਰਾਈਆਂ ਅੱਖਾਂ

ਕਿਸੇ ਨੇ ਪਾਣੀ ਦਾ ਗਿਲਾਸ ਫੜਾ
ਮੂੰਹ ਲਾਗੇ ਕੀਤਾ
ਉਸ ਅੱਧਾ ਪੀ ਕੇ ਰੱਖ ਦਿੱਤਾ
ਅੱਖਾਂ ਦੀ ਪਥਰਾਹਟ ਕੁਝ ਨਰਮ ਹੋਈ
ਉਸ ਨੂੰ ਪੁੱਛਿਆ–
                    ਹੁਣ ਚਿੱਤ ਕਿਵੇਂ ਆਂ?

ਉਹ ਚੁੱਪ-ਚਾਪ ਉੱਠੀ
ਪਾਣੀ ਦਾ ਬਚਿਆ ਅੱਧਾ ਗਿਲਾਸ
ਗਮਲੇ ਵਿਚਲੀ
ਕੁਮਲਾਈ ਵੇਲ ਨੂੰ ਪਾ ਦਿੱਤਾ

ਇਹ ਉਸ ਦਾ ਜਵਾਬ ਸੀ
ਤੇ ਐਲਾਨ ਵੀ

●

*Original with;*
Jaswant Singh Zafar
*Digitized by;*
Panjab Digital Library

## ਜਾਗ

ਮੈਂ ਉਸਨੂੰ ਦੱਸਿਆ
ਬੜੇ ਚਾਅ ਨਾਲ਼
ਕਿ ਸ਼ਾਮੀਂ ਸੈਰ ਕਰਦਿਆਂ
ਚੰਨ ਵੀ ਨਾਲ਼-ਨਾਲ਼ ਤੁਰਦਾ ਸੀ

ਉਸ ਕਿਹਾ ਕਿ
ਤੁਰਦਿਆਂ ਨਾਲ਼ ਇਕੱਲਾ ਚੰਨ ਹੀ ਨਹੀਂ
ਪੂਰੀ ਕਾਇਨਾਤ ਤੁਰਦੀ
ਰੁਕਿਆਂ ਨਾਲ਼ ਰੁਕ ਜਾਂਦੀ
ਰੁੱਸਿਆਂ ਨਾਲ਼ ਰੁੱਸ ਜਾਂਦੀ
ਸੁੱਤਿਆਂ ਨਾਲ਼ ਸੌਂ ਜਾਂਦੀ

ਇੰਜ ਉਸ ਮੈਨੂੰ ਜਗਾ ਦਿੱਤਾ
•

*Original with;*
Jaswant Singh Zafar
*Digitized by;*
Panjab Digital Library

## ਦਿਸ਼ਾ ਭਰਮ

ਨਵੇਂ ਥਾਂ ਜਾ ਕੇ
ਦਿਸ਼ਾਵਾਂ ਦਾ ਭੁਲੇਖਾ ਪੈਂਦਾ
ਸੂਰਜ ਚੜ੍ਹਨ ਛਿਪਣ ਦੀਆਂ ਦਿਸ਼ਾਵਾਂ
ਉਲਟ ਪੁਲਟ ਹੋਈਆਂ ਜਾਪਦੀਆਂ
ਥੋੜ੍ਹੀ ਔਂਚਵੀ ਲੱਗ ਸਕਦੀ
ਬੱਸ ਮਨ ਸਮਝਾ ਲਓ –
ਕਿ ਇਹ ਆਪਣਾ ਭਰਮ ਹੈ
ਧਰਤੀ ਦੀਆਂ ਦਿਸ਼ਾਵਾਂ
ਓਹੀ ਨੇ
ਕੋਈ ਫਰਕ ਨਹੀਂ ਪਿਆ

ਤੁਰਦਿਆਂ ਨੂੰ
ਦਿਸ਼ਾ ਭਰਮ ਹੋ ਜਾਵੇ
ਤਾਂ ਬੜਾ ਫਰਕ ਪੈਂਦਾ
ਪੈਂਡਾ ਖੋਟਾ ਹੋ ਸਕਦਾ
ਵਾਟ ਲੰਮੀ ਹੋ ਸਕਦੀ
ਮੰਜ਼ਿਲ ਖੁੰਝ ਸਕਦੀ

ਪਰ ਦਿਸ਼ਾ ਭਰਮ
ਦੂਰ ਵੀ
ਤੁਰਦੇ ਰਹਿਣ ਨਾਲ ਹੀ ਹੁੰਦਾ

*Original with;*
Jaswant Singh Zafar
*Digitized by;*
Panjab Digital Library

## ਬਰੋ ਬਰਾਬਰ

ਇਸ ਧਰਤੀ ਦੇ ਉੱਤੇ ਸੁਣਿਆਂ
ਸੱਤਰ ਪਰਸੈਂਟ ਪਾਣੀ
ਏਨਾ ਪਾਣੀ ਮਾਨਵ ਦੇਹੀ
ਜਿਹੜੇ ਜਿੰਨੇ ਖਿਣਜ ਪਦਾਰਥ
ਧਰਤੀ ਅੰਦਰ
ਉਹ ਸਭ ਸਾਡੇ ਪਿੰਡੇ

ਪਰ
ਸਾਡੇ ਤਨ ਮਨ ਦੁੱਖ ਵੀ ਕਿੰਨੇ
ਕੀ ਧਰਤੀ ਵੀ ਦੁੱਖ ਹੰਢਾਏ?

ਹਾਂ,
ਜਿਥੇ ਕਦੀ ਸੀ ਸਾਂਝ ਵਸੇਬਾ
ਉਸ ਜੰਗਲ 'ਚੋਂ ਇੱਕ ਚੌਪਾਏ
ਬੰਦਾ ਹੋ ਧਰਤੀ ਦੁੱਖ ਦਿੱਤੇ
ਇਸ ਦੀ ਹਿੱਕ ਤੇ ਹਲ਼ ਚਲਾਏ
ਕਿਲੇ ਉਸਾਰੇ ਖੂਹ ਖੁਦਵਾਏ
ਜੰਗਲ ਪੁੱਟੇ, ਲਾਂਬੂ ਲਾਏ
ਦਰੜ ਮਰੜ ਸਭ ਨਗਰ ਵਸਾਏ

*Original with;*
Jaswant Singh Zafar
*Digitized by;*
Panjab Digital Library

ਜਿਓਂ ਕਰ ਦੁੱਖ ਧਰਤੀ ਨੂੰ ਦਿੰਦਾ
ਸੋ ਦੁੱਖ ਬੰਦਾ ਪਾਏ

ਜਿਉਂ ਜਿਉਂ ਬੰਦਾ ਕਰੇ ਤਰੱਕੀ
ਧਰਤੀ ਤੇ ਬੰਦੇ ਦਾ ਦੁੱਖ
ਬਰੋ ਬਰਾਬਰ ਵਧਦਾ ਜਾਏ

•

*Original with;*
Jaswant Singh Zafar
*Digitized by;*
Panjab Digital Library

## ਸੁਰਗ ਨਰਕ

ਜੱਫੀ ਤੇ ਜੱਫਾ
ਦੋਵੇਂ ਕਿਸੇ ਨੂੰ
ਬਾਹਵਾਂ ਵਿੱਚ ਲਪੇਟਣ ਦਾ ਨਾਂ

ਜੱਫੀ-ਜੱਫਾ ਭੈਣ-ਭਰਾ
ਕਹਿਣ ਸੁਣਨ ਨੂੰ ਮਿਲਦੇ ਜੁਲਦੇ
ਬਿਲਕੁਲ ਉਲਟ ਸੁਭਾਅ

ਜੱਫੀ ਕਦਰ, ਜੱਫਾ ਜਬਰ
ਜੱਫੀ ਸਰੂਰ, ਜੱਫਾ ਗ਼ਰੂਰ
ਜੱਫੀ ਮੇਲ ਜੋੜ
ਜੱਫਾ ਨੂੜ, ਤੋੜ-ਮਰੋੜ

ਜੱਫੀ ਨਿੱਘ,
ਦੇਣਾ ਤੇ ਇੱਕ ਹੋਣਾ
ਜੱਫਾ ਹਿੰਸਾ,
ਕਬਜ਼ਾ, ਜਬਰੀ ਖੋਹਣਾ

ਜੱਫੀ ਵਾਅਦਾ ਤੇ ਇਕਰਾਰ,
ਜੱਫਾ ਦਾਅਵੇ ਦਾ ਇਜ਼ਹਾਰ

*Original with;*
Jaswant Singh Zafar
*Digitized by;*
Panjab Digital Library

ਜੱਫੀ ਕੋਮਲਤਾ, ਦੋ-ਤਰਫ਼ਾ ਮੇਲ
ਆਦਾਨ-ਪ੍ਰਦਾਨ ਪਾ ਦਿੰਦਾ ਜਾਨ
ਜੱਫਾ ਦੂਜੇ ਦਾ ਘੁੱਟ ਦਿੰਦਾ ਸਾਹ
ਤੇ ਲੈਂਦਾ ਸੂਤ ਪਰਾਣ

ਜੱਫੀ ਸਬਰ, ਸੰਤੋਖ, ਪਿਆਰ
ਜੱਫਾ ਲੋਭ, ਮੋਹ, ਹੰਕਾਰ
ਜੱਫੀ ਉੱਡਣੇ ਦਾ ਉਤਸ਼ਾਹ
ਜੱਫਾ ਰੋਕ ਖੜੋਵੇ ਰਾਹ

ਜੱਫੀ ਹਲੀਮੀ ਤੇ ਨਰਮਾਈ
ਜੱਫਾ ਹੈਂਕੜ ਤੇ ਕਰੜਾਈ

ਜੱਫੀ ਧਰਵਾਸ ਤੇ ਵਿਸ਼ਵਾਸ
ਜੱਫੀ ਸੁਲਾਹ, ਸਿਆਣਪ, ਸਹਿਮਤੀ
ਜੱਫੀ ਮਮਤਾ, ਸਮਰਪਣ, ਦੋਸਤੀ

ਜੱਫੇ ਬਾਰੇ ਕੁਛ ਹੋਰ ਨਹੀਂ ਕਹਿਣਾ

ਜੱਫੀ-ਜੱਫਾ ਮਿਲਦੇ ਜੁਲਦੇ ਨਾਂ
ਲਗਦੇ ਭੈਣ-ਭਰਾ
ਪਰ ਦੋਹਾਂ ਵਿਚ ਫ਼ਰਕ ਬਹੁਤ ਹੈ
ਬਿਲਕੁਲ ਉਲਟ ਸੁਭਾਅ

*Original with;*
Jaswant Singh Zafar
*Digitized by;*
Panjab Digital Library

## ਹਰੇ ਹਰੇ

ਤੂੰ ਵੀ ਕਦੇ ਜ਼ਿੰਦਾ ਹੋਣਾ

ਤੇਰੇ ਸੁਪਨੇ ਦੇਖਦਿਆਂ
ਰੂਹ ਮੇਰੀ ਨੂੰ ਤੇਰਾ ਰੰਗ ਚੜ੍ਹਿਆ

ਤੇਰੇ ਰੰਗ ਰੰਗੇ
ਕਿੰਨੇ ਜਨਮ ਲੰਘੇ

ਤੇਰੀ ਤਲਾਸ਼ ਵਿੱਚ ਭਟਕਦੇ
ਅੱਜ ਆਣ ਮਿਲੇ
ਤੈਨੂੰ ਤੱਕਿਆ ਤਾਂ
ਮਨ ਦਾ ਰੰਗ ਦੇਹੀ ਚੜ੍ਹਿਆ

ਤੇਰੀ ਯਾਦ ਤੇਰਾ ਰੰਗ
ਮੇਰੀ ਤੋਰ ਮੇਰਾ ਰੰਗ

ਮਰਿਆਂ ਦੇ ਰੰਗ ਨਹੀਂ ਮਰਦੇ
ਜਿਉਂਦੀਆਂ ਦੇ ਸੁਪਨੇ ਨਾ ਮਰਦੇ
ਤਲਾਸ਼ ਨਾ ਮੁੱਕਦੀ

ਭਟਕਣ ਤੇਰੇ ਰੰਗੀ ਦੀ
ਤਲਾਸ਼ ਆਪਣੇ ਸੰਗੀ ਦੀ

*Original with;*
Jaswant Singh Zafar
*Digitized by;*
Panjab Digital Library

# ਆਤਮ ਵਿਸ਼ਵਾਸ

ਹੇ ਪਿਆਰੇ ਮਹਿਮਾਨ!
ਤੇਰੀ ਆਮਦ ਨਾਲ਼
ਤੇਰੇ ਦੇਖਣ
ਤੇ ਤੇਰੇ ਦੱਸਣ ਨਾਲ਼
ਮੈਨੂੰ ਆਪਣੇ ਘਰ ਦਾ
ਸਭ ਕੁਝ ਦਿਸਣ ਲੱਗ ਜਾਂਦੈ
ਜੋ ਜੋ ਮੇਰੇ ਕੋਲ਼
ਤੇ ਚੰਗਾ ਲਗਦਾ

ਆਉਂਦੇ ਰਿਹਾ ਕਰੋ

ਅੱਗੋਂ ਪਿੱਛੋਂ ਤਾਂ
ਮੈਨੂੰ ਉਹ ਸਭ ਹੀ ਦਿਸਦਾ ਰਹਿੰਦਾ
ਜੋ ਜੋ ਮੇਰੇ ਕੋਲ਼ ਨਹੀਂ ਹੈ

•

*Original with;*
Jaswant Singh Zafar
*Digitized by;*
Panjab Digital Library

## ਓਹ ਹੋ...

ਇੱਕ ਖ਼ਾਸ ਰਸਮੀ ਦਿਨ 'ਤੇ
ਮੈਂ ਉਸ ਨੂੰ ਕਿਹਾ –
ਮੈਂ ਸ਼ੁਕਰਗੁਜ਼ਾਰ ਹਾਂ
ਉਸ ਸਭ ਕਾਸੇ ਲਈ
ਜੋ ਤੂੰ ਮੇਰੇ ਲਈ ਚੰਗਾ ਕੀਤਾ
ਚੰਗਾ ਸੋਚਿਆ, ਚੰਗਾ ਬੋਲਿਆ
ਨਾਲ਼ੇ ਇਹ ਕਹਿ ਕੇ ਪਛਤਾਵਾ ਕੀਤਾ–
ਮੈਂ ਸ਼ਰਮਿੰਦਾ ਹਾਂ
ਆਪਣੇ ਵਲੋਂ ਕੀਤੇ, ਕਹੇ ਤੇ ਸੋਚੇ
ਉਸ ਸਭ ਕਾਸੇ ਲਈ
ਜਿਸ ਨਾਲ਼ ਤੈਨੂੰ ਦੁੱਖ ਹੋਇਆ
ਬੁਰਾ ਲੱਗਾ ਜਾਂ
ਕੋਈ ਤੇਰੀ ਹਾਨੀ ਹੋਈ
ਮੈਨੂੰ ਖਿਮ੍ਹਾਂ ਕਰੋ ਪਿਆਰੇ

ਉਸ ਦਾ ਚਿਹਰਾ ਖਿੜ ਗਿਆ
ਸੀਨਾ ਪਿਆਰ ਨਾਲ਼ ਭਰ ਗਿਆ
ਮੈਨੂੰ ਕਲਾਵੇ 'ਚ ਲਿਆ
ਪਿੱਠ ਥਪਥਪਾਈ

*Original with;*
Jaswant Singh Zafar
*Digitized by;*
Panjab Digital Library

ਜੱਫੀ ਦੀ ਘੋਟ ਕੁਝ ਨਰਮ ਕਰ
ਉਸ ਜੇਤੂ ਮੁਸਕਾਨ ਨਾਲ਼ ਪੁੱਛਿਆ –
    ਅੱਜ ਦੇ ਦਿਨ
    ਇਹ ਤੂੰ ਸਿਰਫ਼ ਮੈਨੂੰ ਹੀ ਕਿਹਾ?
ਮੈਂ ਕਿਹਾ–
    ਨਹੀਂ
    ਦੋ ਚਾਰ ਹੋਰ ਪਿਆਰਿਆਂ ਨੂੰ ਵੀ
ਉਸ ਦੀਆਂ ਬਾਹਵਾਂ ਝੂਠੀਆਂ ਪੈ ਗਈਆਂ
ਦਿਲ ਬਹਿ ਗਿਆ
ਚਿਹਰਾ ਉਤਰ ਗਿਆ
ਉਹ ਜਿੱਤ ਕੇ ਫਿਰ ਹਾਰ ਗਿਆ
•

*Original with;*
Jaswant Singh Zafar
*Digitized by;*
Panjab Digital Library

## ਫ਼ਰਕ

ਨਿੱਕੇ ਹੁੰਦੇ ਸੀ ਤਾਂ
ਖੱਬੇ ਹੱਥ ਨਾਲ
ਗੇਂਦ ਜਾਂ ਬੰਟਾ ਸੁੱਟਣ ਵਾਲੇ ਨੂੰ
ਜਾਂ ਖੱਬੇ ਹੱਥ ਨਾਲ ਲਿਖਣ ਵਾਲੇ ਨੂੰ
ਖਬਚੂ ਕਹਿ ਕੇ ਛੇੜਦੇ
ਖੱਬੀ ਪੱਗ ਬੰਨ੍ਹਣ ਵਾਲੇ ਨੂੰ
ਨਿਰਾ ਝੁੱਡੂ ਸਮਝਦੇ
ਜੇ ਕੋਈ ਖੱਬੇ ਹੱਥ ਨਾਲ ਖਾਂਦਾ ਤਾਂ
ਘਰ ਦੇ ਸੱਜੇ ਨਾਲ
ਖਾਣਾ ਸਿਖਾਉਂਦੇ ਅਤੇ ਗਿਝਾਉਂਦੇ
ਯਾਨੀ ਖੱਬਾ ਗਲਤ ਸੱਜਾ ਠੀਕ

ਵੱਡੇ ਹੋਏ ਤਾਂ ਕਦੀ ਨਾ ਸੋਚਿਆ
ਕਿ ਸਾਈਕਲ ਜਾਂ ਸਕੂਟਰ 'ਤੇ
ਖੱਬੇ ਪਾਸਿਓਂ ਸਵਾਰ ਹੁੰਦੇ
ਖੱਬੇ ਪਾਸਿਓਂ ਹੀ ਉੱਤਰਦੇ
ਸਾਈਕਲ ਦਾ ਬਰੇਕ ਲਾਉਂਦੇ
ਸਕੂਟਰ ਦਾ ਕਲੱਚ ਦਬਾਉਂਦੇ
ਕਾਰ ਦਾ ਗੇਅਰ ਬਦਲਦੇ

*Original with;*
Jaswant Singh Zafar
*Digitized by;*
Panjab Digital Library

ਹਮੇਸ਼ਾ ਖੱਬੇ ਹੱਥ ਨਾਲ
ਪਰ ਖ਼ੁਦ ਨੂੰ ਕਦੀ
ਖਬਚੂ ਮਹਿਸੂਸ ਨਾ ਕੀਤਾ

ਹੋਰ ਤਾਂ ਹੋਰ
ਕਾਪੀ ਕਿਤਾਬ ਖੋਲ੍ਹਦੇ
ਖੱਬੇ ਪਾਸਿਓਂ
ਲਿਖਤ ਪੜ੍ਹਤ ਸ਼ੁਰੂ ਹੁੰਦੀ
ਖੱਬੇ ਪਾਸਿਓਂ
ਯਾਨੀ ਖੱਬੇ ਤੋਂ ਸੱਜੇ ਵੱਲ

ਕਿੰਨਾ ਫ਼ਰਕ ਹੁੰਦਾ
ਸਮਝਣ ਅਤੇ ਕਰਨ ਵਿੱਚ
•

*Original with;*
Jaswant Singh Zafar
*Digitized by;*
Panjab Digital Library

# ਪੱਕਾ ਰੰਗ

ਇਕ ਹੋਣਾ ਹੀ ਹੁੰਦਾ ਪੱਕਾ ਹੋਣਾ
ਅਸਮਾਨ ਤੇ ਇਸ ਦਾ ਰੰਗ
ਦੋ ਨਹੀਂ

ਅਸਮਾਨ ਦਾ ਨੀਲਾ ਰੰਗ
ਜੇ ਏਨਾ ਪੱਕਾ ਨਾ ਹੁੰਦਾ
ਤਾਂ ਇਹ ਕਦੀ ਨਾ ਕਦੀ
ਗਿੱਲੇ ਗਿੱਲੇ ਬੱਦਲਾਂ ਨੂੰ ਚੜ੍ਹ ਜਾਣਾ ਸੀ
ਤੇ ਨੀਲੀਆਂ ਕਣੀਆਂ ਦਾ
ਮੀਂਹ ਵਰਨਾ ਸੀ।

•

*Original with;*
Jaswant Singh Zafar
*Digitized by;*
Panjab Digital Library

## ਪਿੰਜਰਾ ਤੇ ਅਸਮਾਨ

ਪਿੰਜਰਾ ਡੱਕ ਸਕਦਾ ਪਿੰਜਰ
ਪਿੰਜਰ 'ਤੇ ਲੱਗਾ ਮਾਸ

ਪਿੰਜਰਾ ਕੈਦ ਕਰ ਸਕਦਾ ਪਿੰਡਾ
ਖੰਭਾਂ ਸਮੇਤ

ਪਿੰਜਰੇ ਤੋਂ ਬਾਹਰ ਜਾਣਹਾਕੇ ਰਹਿੰਦੇ
ਮਨ ਦੇ ਖ਼ਿਆਲ
ਰੂਹ ਦੀ ਉਡਾਨ
ਦਿਲ ਦੀ ਹਸਰਤ

ਦੋਸਤੀ ਪਿੰਜਰਾ ਨਹੀਂ
ਅਸਮਾਨ ਹੁੰਦੀ
ਜੋ ਉੱਚੀ ਤੋਂ ਉੱਚੀ ਉਡਾਨ ਤੋਂ ਉੱਚਾ
ਵਿਸ਼ਾਲ ਤੋਂ ਵਿਸ਼ਾਲ ਹਸਰਤ ਨਾਲ਼ੋਂ ਵਿਸ਼ਾਲ
ਵੱਡੇ ਤੋਂ ਵੱਡੇ ਸੁਪਨੇ ਨਾਲ਼ੋਂ ਵੱਡਾ
ਡੱਕਦਾ ਨਾ ਕਿਸੇ ਨੂੰ
ਆਪਣੇ ਵਿੱਚ ਸਮੋਅ ਕੇ ਰੱਖਦਾ
ਸਭ ਨੂੰ ਅਸਮਾਨ

•

*Original with;*
Jaswant Singh Zafar
*Digitized by;*
Panjab Digital Library

## ਸੂਰਜ ਅਸਤ

ਸ਼ਹਿਰੋਂ ਬਾਹਰ ਆ
ਖੇਤ ਦੀ ਵੱਟ 'ਤੇ ਆ ਬੈਠਾ ਹਾਂ
ਅੱਜ ਦਾ ਦਿਨ ਦੇਣ ਵਾਲ਼ੇ
ਆਉਂਦੀ ਰਾਤ ਲਈ ਵਿਛੜਨ ਲੱਗੇ
ਸੂਰਜ ਮਹਾਰਾਜ ਨੂੰ
ਧੰਨਵਾਦੀ ਵਿਦਾਇਗੀ ਦੇਣ ਲਈ

ਬੈਠਣ ਦੀ ਸੌਖ ਲਈ
ਬੂਟ ਉਤਾਰ ਕੇ ਪਾਸੇ ਰੱਖੇ
ਤਾਂ ਲੱਗਿਆ ਕਿ ਸੂਰਜ ਮੁਸਕ੍ਰਾਇਆ
ਦੋਵਾਂ ਨੂੰ ਭੁਲੇਖੇ-ਭੁਲੇਖੇ ਵਿੱਚ
ਇੱਕ ਦੂਏ ਦਾ
ਬੜਾ ਪਿਆਰ ਆਇਆ

•

*Original with;*
Jaswant Singh Zafar
*Digitized by;*
Panjab Digital Library

## ਚਿਤਕਬਰਾ ਘੋੜਾ

ਚਿਤਕਬਰਾ ਘੋੜਾ ਦੌੜ ਰਿਹਾ ਸੀ
ਸਿਰ 'ਤੇ ਜਗਦਾ ਦੀਵਾ ਧਰਿਆ
ਕਾਠੀ ਪਾਣੀ ਛੰਨਾ ਭਰਿਆ
ਚਿਤਕਬਰਾ ਘੋੜਾ ਦੌੜ ਰਿਹਾ ਸੀ

ਟੱਪ ਗਿਆ ਕਈ ਕਾਲ਼ੇ ਦਰਿਆ
ਕਿੰਨੇ ਤਪਦੇ ਟਿੱਬੇ ਤਰਿਆ
ਨਾ ਉਹ ਥੱਕਿਆ ਨਾ ਉਹ ਰੁਕਿਆ
ਜਲ ਤੇ ਜੋਤ ਦੋਹਾਂ ਨੂੰ ਚਾਈ
ਚਿਤਕਬਰਾ ਘੋੜਾ ਦੌੜ ਰਿਹਾ ਸੀ

ਚਿਤਕਬਰਾ ਘੋੜਾ ਸ਼ਹਿਰ 'ਚ ਪੁੱਜਿਆ
ਸਿਰ ਤੋਂ ਦੀਵਾ ਡਿੱਗਿਆ ਬੁਝਿਆ
ਪਿੱਠ ਤੋਂ ਛੰਨਾ ਭੁੜਕ ਗਿਆ
ਸ਼ਹਿਰ ਵਿਚਾਲੇ ਪੱਕੀ ਸੜਕ 'ਤੇ
ਚਿਤਕਬਰਾ ਘੋੜਾ ਲੁੜਕ ਗਿਆ

•

*Original with;*
Jaswant Singh Zafar
*Digitized by;*
Panjab Digital Library

## ਸਮਾਂ

ਕੁਛ ਨਾ ਕੁਛ ਇਲਾਜ ਤਾਂ
ਹਰ ਕੈਂਸਰ ਦਾ ਹੋ ਜਾਂਦਾ
ਪਰ ਇੱਕ ਕੈਂਸਰ ਹੈ
ਸਭ ਤੋਂ ਵੱਡਾ ਸਭ ਤੋਂ ਡਾਹਢਾ
ਇਹ ਕੈਂਸਰ ਹੈ ਸਭ ਨੂੰ ਹੋਇਆ
ਇਲਾਜ ਕੋਈ ਨਹੀਂ ਉੱਕਾ ਇਸਦਾ
ਨਾ ਗੋਲੀ ਨਾ ਟੀਕਾ
ਤੇ ਨਾ ਕੀਮੋ
ਇਸਦਾ ਕੋਈ ਹਸਪਤਾਲ ਨਾ ਬਣਿਆ
ਸਭ ਤੋਂ ਖ਼ਤਰਨਾਕ ਅਮਰ ਅਟੱਲ
ਕੋਈ ਪਰਹੇਜ਼, ਰੋਕਥਾਮ ਨਾ
ਵਧਦਾ ਜਾਵੇ ਅੱਗੇ ਦੀ ਅੱਗੇ
ਖਾ ਜਾਵੇ ਹਰ ਇੱਕ ਦਾ ਬਚਪਨ
ਲੈਂਦਾ ਨਿਗਲ ਜਵਾਨੀ ਸਭ ਦੀ
ਸੁਡੌਲ ਛਾਤੀਆਂ ਢਿਲਕ ਜਾਂਦੀਆਂ
ਅੱਜ ਤੱਕ ਨਾ ਕੋਈ ਬਚਿਆ
ਇਸ ਦੀ ਮਾਰੋਂ
ਲਗਦੈ ਨਾ ਕੋਈ ਅੱਗੋਂ ਬਚਣਾ

*Original with;*
Jaswant Singh Zafar
*Digitized by;*
Panjab Digital Library

ਹਰ ਅੰਗ 'ਤੇ ਅਸਰ ਏਸ ਦਾ
ਇਹ ਜੰਮਿਆਂ ਬੰਦੇ ਦੇ ਜੰਮਣੋਂ ਪਹਿਲਾਂ ਕਾਫ਼ੀ
ਜਿਸ ਵੇਲ਼ੇ ਦੀ ਬਣੀ ਸ੍ਰਿਸ਼ਟੀ

ਕੈਂਸਰ ਨੂੰ ਜੇ ਮੌਤ ਆਖਦੇ
ਇਸ ਕੈਂਸਰ ਦਾ ਨਾਮ ਕਾਲ ਹੈ
ਇਸ ਕੈਂਸਰ ਦਾ ਨਾਮ ਸਮਾਂ ਹੈ

•

*Original with;*
Jaswant Singh Zafar
*Digitized by;*
Panjab Digital Library

## ਆਸਰਾ

ਜੇ ਤੁਹਾਡੇ ਸੱਜੇ ਤੇ ਖੱਬੇ ਦੋਵੇਂ ਪਾਸੀਂ
ਤੁਹਾਡੇ ਆਪਣੇ ਚੱਲ ਰਹੇ
ਤਾਂ ਤੁਸੀਂ ਬਿਨ ਪੈਰਾਂ ਬਿਨ ਲੱਤਾਂ ਵੀ
ਚੱਲ ਸਕਦੇ
ਉਹਨਾਂ ਬਰਾਬਰ
ਉਹਨਾਂ ਜਿੰਨਾ

•

*Original with;*
Jaswant Singh Zafar
*Digitized by;*
Panjab Digital Library

## ਲਾਲਟੈਣ

ਸੂਰਜ ਅਸਤਣ ਰੁਖ਼ ਹੈ
ਸੰਧਿਆ ਵੇਲ਼ਾ ਹੋਣ ਵਾਲਾ
ਮੈਨੂੰ ਲਾਲਟੈਣ ਦੀ ਚਿਮਨੀ
ਸਾਫ਼ ਕਰਨ ਦਾ ਖ਼ਿਆਲ ਆ ਰਿਹਾ
ਖ਼ਿਆਲ ਹੌਲ਼ੀ ਹੌਲ਼ੀ ਚਾਅ ਬਣ ਰਿਹਾ
ਚਾਅ ਉਂਗਲਾਂ ਵਿੱਚ ਉੱਦਮ ਬਣ ਕੇ ਉਤਰੇਗਾ

ਉੱਦਮ ਬੰਦੇ ਨੂੰ
ਆਪਣਾ ਆਪ ਚੰਗਾ ਲੱਗਣ ਲਾ ਦਿੰਦਾ
ਵੇਲ਼ਾ ਕੋਈ ਵੀ ਹੋਵੇ
●

*Original with;*
Jaswant Singh Zafar
*Digitized by;*
Panjab Digital Library

## ਵਜੂਦ ਦੀ ਕਰਾਮਾਤ

ਜੇਠ ਹਾੜ ਦਾ ਟਾਟਕਾ
ਸੂਰਜ ਸਿਖਰ
ਧਰਤੀ ਤਪੇ ਤਵੇ ਵਾਂਗ
ਰੁੱਖ ਰੜੇ ਮਦਾਨ ਖੜ੍ਹਾ
ਪੈਰਾਂ ਹੇਠ ਆਪਣੀ ਛਾਂ ਵਿਛਾਈ

ਸਿਰ ਪਏ ਦੁੱਖ ਨੂੰ
ਪੈਰਾਂ 'ਚ ਵਿਛੇ ਸੁੱਖ ਵਿੱਚ
ਬਦਲਣ ਦੀ ਜੁਗਤ ਤੇ ਕਰਾਮਾਤ
ਆਪਣੇ
ਵਜੂਦ ਵਿੱਚ ਮੌਜੂਦ ਹੁੰਦੀ

•

*Original with;*
Jaswant Singh Zafar
*Digitized by;*
Panjab Digital Library

## ਭਾਂਡੇ

ਜੂਠੇ ਜਾਂ ਲਿੱਬੜੇ ਭਾਂਡੇ
ਚਿਣ ਕੇ ਨਹੀਂ ਰੱਖੇ ਜਾਂਦੇ
ਐਂਵੇਂ ਅਗੜੇ-ਦੁਗੜੇ ਰੱਖ ਦਿੱਤੇ ਜਾਂਦੇ
ਜਾਂ ਸੁੱਟ ਦਿੱਤੇ ਜਾਂਦੇ
ਚਿਣੇ ਸਜਾਏ ਜਾਣ ਤੋਂ ਪਹਿਲਾਂ
ਉਹਨਾਂ ਨੂੰ ਧੋਤੇ ਮਾਂਜੇ-ਸੁਆਰੇ ਜਾਣ ਦੀ
ਉਡੀਕ ਕਰਨੀ ਪੈਂਦੀ
ਬੰਦਿਆਂ ਨੂੰ ਵੀ

•

*Original with;*
Jaswant Singh Zafar
*Digitized by;*
Panjab Digital Library

## ਮਨ ਕਮਰਾ

ਮਨ ਦੇ ਰੋਸ਼ਨਦਾਨ ਦੇ ਬਾਹਰ
ਬੈਠਾ ਇੱਕ ਕਬੂਤਰ ਚੀਨਾ
ਮਸਤੀ ਵਿੱਚ ਅੱਖਾਂ ਮਟਕਾਵੇ
ਨਾਲ਼ ਦੀਵਾਰ ਦੇ ਚੁੰਝ ਘਸਾਵੇ
ਖੰਭ ਫੈਲਾਵੇ
ਕਰਦਾ ਗੁਟਕੂੰ-ਗੂੰ
ਤੱਕੇ ਵੱਲ ਅਸਮਾਨ ਦੇ

ਮਨ ਦੀ ਬੰਦ ਖਿੜਕੀ ਦੇ ਅੰਦਰ
ਕਾਲਾ ਨਾਗ ਹੈ ਬੈਠਾ ਜਿਹੜਾ
ਵਿੱਚ ਹਨੇਰੇ ਅੱਖਾਂ ਟੱਡੇ
ਮੁੜ-ਮੁੜ ਜੀਭ ਬਾਹਰ ਨੂੰ ਕੱਢੇ
ਆਪਣੀ ਦੇਹ ਨੂੰ ਸੌ ਵਲ਼ ਪਾਵੇ
ਪੂਛ ਹਿਲਾਵੇ
ਕਦੇ ਚਿਟਕਣੀ ਚੱਟੇ

ਮਨ ਕਮਰੇ 'ਚੋਂ ਬਾਹਰ ਨਿਕਲੀਏ
ਉੱਡਦੇ ਦਿਸਣ ਕਬੂਤਰ ਲੱਖਾਂ
ਅੰਦਰ ਨਾਗਾਂ ਦੇ ਫੁੰਕਾਰੇ
ਡੰਗੇ ਜਾਵਣ ਦਾ ਡਰ ਮਾਰੇ
ਤੇ ਡੰਗਣ ਦੀਆਂ ਭੁੱਖਾਂ।

*Original with;*
Jaswant Singh Zafar
*Digitized by;*
Panjab Digital Library

## ਝੂਠ

ਨਿੱਕੇ ਹੁੰਦੇ ਪੜ੍ਹਦੇ ਸਾਂ
ਸਕੂਲ ਦੀ ਕੰਧ 'ਤੇ ਲਿਖਿਆ -
ਸਦਾ ਸੱਚ ਬੋਲੋ
ਵੱਡੇ ਹੋ ਕੇ ਸੋਚਦੇ ਹਾਂ -
ਕਿੰਨੀ
ਝੂਠੀ ਗੱਲ
ਲਿਖੀ ਹੋਈ ਸੀ

•

*Original with;*
Jaswant Singh Zafar
*Digitized by;*
Panjab Digital Library

## ਸਮਾਨਤਾ ਅਸਮਾਨਤਾ

ਨਿਊ ਯਾਰਕ ਵਿੱਚ
ਕਿੰਨੇ ਦਿਨਾਂ ਤੋਂ ਘੁੰਮਦਿਆਂ
ਕਿਸੇ 'ਟੇਸ਼ਨ ਅੱਡੇ ਪੰਪ 'ਤੇ
ਕਿਸੇ ਚੌਂਕ ਚੁਰਸਤੇ ਸੜਕ 'ਤੇ
ਕਿਸੇ ਮਾਰਕੀਟ ਮਾਲ ਬਾਜ਼ਾਰ ਦੇ ਬਾਹਰ
ਕਿਸੇ ਪੌਲੀਟੀਸ਼ਨ ਦੀ
ਛੋਟੀ ਵੱਡੀ ਕੋਈ ਫੋਟੂ ਨਹੀਂ ਦੇਖੀ
......
......
ਨਾਲ਼ੇ
ਕਿੰਨੇ ਦਿਨਾਂ ਤੋਂ
ਕੋਈ ਕੁੱਤਾ ਭੌਂਕਦਾ ਨਹੀਂ ਸੁਣਿਆ
●

*Original with;*
Jaswant Singh Zafar
*Digitized by;*
Panjab Digital Library

## ਸਰਵਿਸ ਟੈਕਸ

ਚੁਣਾਵੀ ਇਸ਼ਤਿਹਾਰ ਕਹਿੰਦਾ -
ਸੇਵਾ ਕਰਾ ਲਓ
ਸੇਵਾ ਕਰਾ ਲਓ
ਆਪਣੀਆਂ ਜੁੱਤੀਆਂ
ਆਪਣੇ ਸਿਰ
ਮਰਵਾ ਲਓ
ਸੇਵਾ ਕਰਾ ਲਓ
ਹੇਠਾਂ ਬਾਰੀਕ ਜਿਹਾ ਕਰਕੇ ਲਿਖਿਆ ਹੋਇਆ-
ਸਰਵਿਸ ਟੈਕਸ ਲਾਗੂ

•

*Original with;*
Jaswant Singh Zafar
*Digitized by;*
Panjab Digital Library

## ਅਯੋਗੀ

ਯੋਗੀ ਤਾਂ ਮੈਂ ਸਿਰਫ਼
ਨਾਂਅ ਦਾ ਸੀ

ਕੰਨੀਂ ਮੁੰਦਰਾਂ
ਤੇ ਮੋਢੇ ਬਗਲੀ ਪਾਈ ਭਟਕਦਾ
ਨਾ ਪੱਲੇ ਪਟਾਰੀ
ਨਾ ਮੰਤਰ ਦਾ ਚੱਜ ਸੀ
ਬੱਸ ਚੁੱਲ੍ਹੇ ਡਾਹੁਣ ਜੋਗੀ
ਬੇਸੁਰੀ ਬੀਨ
ਵਜਾਉਣ ਦਾ ਚਾਅ ਸੀ

•

*Original with;*
Jaswant Singh Zafar
*Digitized by;*
Panjab Digital Library

## ਕਵੀ ਨੂੰ

ਚੱਲ ਕੋਈ ਨਾ ਕਵੀ
ਇਹ ਨਿਘਾਰ ਨਵਾਂ ਨਹੀਂ
ਪੰਜ ਸਦੀਆਂ ਪਹਿਲਾਂ ਗੁਰੂ ਨਾਨਕ ਵੇਲ਼ੇ ਵੀ
ਕੂੜ ਪ੍ਰਧਾਨ ਸੀ
ਤੇ ਚਾਰ ਸਦੀਆਂ ਪਹਿਲਾਂ
ਭਾਈ ਗੁਰਦਾਸ ਵੇਲ਼ੇ ਵੀ
ਚੋਰ ਉਚੱਕਾ ਹੀ ਚੌਧਰੀ ਸੀ
ਹਾਂ, ਕਹਿ ਸਕਦੇ ਹੋ-
          ਹਾਲਾਤ ਸੁਧਰਨੇ ਚਾਹੀਦੇ ਸੀ
          ਪਰ ਸੁਧਾਰ ਹੋਇਆ ਨਹੀਂ
ਚੱਲ ਕੋਈ ਨਾ
ਆਪਾਂ ਕਿਹੜਾ ਸੁਧਰੇ ਹਾਂ
ਆਪਾਂ ਨੂੰ ਕਿਹੜਾ ਕੋਈ ਸੁਧਾਰ ਸਕਿਆ
ਚੱਲ ਛੱਡ ਪਰੇ
ਕੋਈ ਨਾ

•

*Original with;*
Jaswant Singh Zafar
*Digitized by;*
Panjab Digital Library

## ਪੂਰਬੀਆਂ ਦਾ ਮੇਲਾ

ਲੁਧਿਆਣੇ ਪੱਖੋਵਾਲ ਰੋਡ 'ਤੇ
ਨਹਿਰ ਦੇ ਆਰ ਪਾਰ
ਪੂਰਬੀਆਂ ਦਾ ਭਰਿਆ ਮੇਲਾ
ਬੈਠੇ ਲਾਈ ਬਾਜ਼ਾਰ

ਕਾਲੀਆਂ ਐਨਕਾਂ ਲਾਈ ਮੁੰਡ੍ਹੀਰ
ਮੱਛਰੀ ਮੱਛਰੀ ਲੱਗੇ
ਭੋਜਪੁਰੀ ਗੀਤਾਂ ਦੀ 'ਵਾਜ਼
ਅੱਥਰੀ ਅੱਥਰੀ ਲੱਗੇ

ਫਲੈਕਸਾਂ ਉੱਤੇ ਛਾਪ ਕੇ ਫੋਟੋ
ਲੱਗਣ ਕਈ ਔਕਾਤੋਂ ਬਾਹਰ
ਫਿਰੋਜ਼ੀ ਸੰਤਰੀ ਲਾਲ ਜਾਮਨੀ
ਸਾੜ੍ਹੀਆਂ ਦੀ ਭਰਮਾਰ

ਅੱਧੋਂ ਵੱਧ ਸੜਕ ਸੀ ਰੋਕੀ
ਟ੍ਰੈਫਿਕ ਦੀ ਕੋਈ ਸੁੱਧ ਨਾ ਸਾਰ
ਆਪਣੇ ਲੋਕੀ ਨੱਕ ਬੁੱਲ੍ਹ ਕੱਢਣ
ਤਿਉੜੀ ਪਾ ਨਿਕਲੇ ਹਰ ਕਾਰ

*Original with;*
Jaswant Singh Zafar
*Digitized by;*
Panjab Digital Library

ਰੁਕਦਾ ਰੁਕਾਉਂਦਾ ਖਿਝਦਾ ਹੋਇਆ
ਜਦ ਪੁਲ਼ ਤੋਂ ਹੋਇਆ ਪਾਰ
ਫ਼ੋਨ ਆਇਆ ਇਕ ਸਰੀ ਤੋਂ
ਬੋਲ ਰਿਹਾ ਸੀ ਪੁਰਾਣਾ ਯਾਰ
ਅੱਧੀ ਰਾਤ ਹੋਵੇਗੀ ਉੱਥੇ
ਤਰਾਰੇ ਵਿੱਚ ਸੀ ਮੁਖਤਿਆਰ

ਕਹਿੰਦਾ ਵਿਸਾਖੀ ਨੂੰ ਕੈਨੇਡਾ ਦਾ
ਪ੍ਰੋਗਰਾਮ ਬਣਾ ਕੇ ਆ ਬਾਈ
ਤੈਨੂੰ ਨਗਰ ਕੀਰਤਨ ਦਿਖਾਉਣਾ
ਦੇਖੀਂ ਆਪਣੀ ਕੌਮ ਦੀ ਚੜ੍ਹਾਈ

•

*Original with;*
Jaswant Singh Zafar
*Digitized by;*
Panjab Digital Library

## ਖੂਹ

ਮੇਰੀ ਆਪਣੇ ਪਿੰਡ ਦੇ
ਆਪ ਤੋਂ ਵੱਡੀ ਉਮਰ ਦੇ
ਇੱਕ ਖੂਹ ਨਾਲ਼ ਜਾਣ-ਪਛਾਣ ਹੈ
ਨਿੱਕੀ ਇੱਟ ਦੀ ਚਿਣਾਈ
ਪੱਕੀ ਮੌਣ ਚੌੜੀ ਤੇ ਮਜ਼ਬੂਤ
ਇਸ ਨੂੰ ਮਿਲਣ ਜਾਣਾ ਚੰਗਾ ਲਗਦਾ ਬਹੁਤ

ਮੌਣ 'ਤੇ ਖੁੱਲ੍ਹਾ ਖੁਲਾਸਾ ਹੋ ਕੇ ਬੈਠਦਾਂ
ਪਰ ਅੰਦਰ ਵੱਲ ਲੱਤਾਂ ਨਹੀਂ ਲਮਕਾਉਂਦਾ
ਪਤਾ ਨਹੀਂ ਕਿ ਡਿੱਗਣੋਂ ਡੁੱਬਣੋਂ ਡਰਦਾਂ
ਜਾਂ ਖ਼ਵਾਜੇ ਦੇ ਅਦਬ ਕਰਕੇ
ਫਿਰ ਵੀ ਇਸ ਦੇ ਚੜ੍ਹਦੇ ਉਤਰਦੇ
ਪਾਣੀ ਨੂੰ ਨਿਹਾਰਦਾਂ

ਕਦੀ ਖੂਹ ਸਮੁੰਦਰ ਦਾ ਬੱਚਾ ਲੱਗਦਾ
ਪਰ ਇਸ ਦੇ ਪਾਣੀ ਨੂੰ ਮੈਂ ਛੂਹ ਨਹੀਂ ਸਕਦਾ
ਕਦੀ ਇਹ ਨਿੱਕੇ ਭਾਂਡੇ ਪਿਆ
ਰੱਬ ਦਾ ਅੱਥਰੂ ਲਗਦਾ

*Original with;*
Jaswant Singh Zafar
*Digitized by;*
Panjab Digital Library

ਇਸ ਵਿੱਚ ਝਾਕਣ ’ਤੇ
ਕਦੀ ਪੂਰਾ ਅਸਮਾਨ
ਕਦੀ ਸਿਰਫ਼ ਆਪਣਾ ਚਿਹਰਾ
ਤੇ ਕਦੀ ਘੁੱਪ ਹਨ੍ਹੇਰਾ ਦਿਸਦਾ

ਗੱਲ ਕਰਨ ’ਤੇ
ਆਪਣੀ ਆਵਾਜ਼ ਦੀ ਗੂੰਜ ਹੀ ਸੁਣਦੀ
ਇਸ ਦੀਆਂ ਦਰਜਾਂ ਵਿੱਚ
ਪੰਛੀਆਂ ਦੀ ਫੜਫੜਾਹਟ ਦੀਆਂ
ਅਣਗਿਣਤ ਪੁਰਾਣੀਆਂ ਆਵਾਜ਼ਾਂ ਅਟਕੀਆਂ ਲਗਦੀਆਂ
ਇਸ ਨੂੰ ਮਿਲ ਕੇ ਮੁੜਨਾ ਵਾਹਵਾ ਉਦਾਸ ਕਰਦਾ

ਅੱਜ ਪਰਤਣ ਵੇਲ਼ੇ ਪਿੱਛਿਓਂ ਆਵਾਜ਼ ਆਈ–
ਮੈਨੂੰ ਤੇਰੀ ਤਲਬ ਹੈ
ਪਤਾ ਨਹੀਂ ਲੱਗਾ ਕਿ
ਆਵਾਜ਼ ਖੂਹ ਦੀ ਮੌਣ ਦੀ ਸੀ
ਜਾਂ ਗਹਿਰਾਈ ਦੀ
ਅਗਲੀ ਵਾਰ ਮੌਣ ’ਤੇ ਹੀ ਸਹੀ
ਪਰ ਖੂਹ ਵਿੱਚ ਲੱਤਾਂ ਲਮਕਾ ਕੇ ਬੈਠਾਂਗਾ।

•

*Original with;*
Jaswant Singh Zafar
*Digitized by;*
Panjab Digital Library

## ਮੁਕੈਸ਼ ਵਾਲੀ ਚੁੰਨੀ

ਕੁੜੀ ਦਾ ਕਬੀਲਾ ਸਾਰੀ ਰਾਤ ਗਾਉਂਦਾ ਰਿਹਾ–
ਕਨੱਈਆ ਵਰ ਲੋੜੀਏ
ਉੱਤਰ ਦਿਸ਼ਾ ਵੱਲੋਂ ਦੋ ਦਰਿਆ ਪਾਰ ਕਰ
ਮੁੰਡਾ ਆਇਆ ਸਵੇਰੇ
ਕੁੜੀ ਤਾਜ਼ੀ ਧੁੱਪ ਪਿੰਡੇ ਮਲ਼
ਮੁੰਡੇ ਨਾਲ਼ ਲਹਿੰਦੇ ਵੱਲ ਹੋ ਤੁਰੀ
ਵਕਤ ਉਹਨਾਂ ਨੂੰ ਰਾਹ ਦੀ ਭੁੱਬਲ਼ ਵਾਂਗ ਲੱਗੇ
ਜੋ ਪੱਬ ਚੁੱਕਦਿਆਂ
ਜੁੱਤੀ ਦੀ ਨੋਕ ਨਾਲ਼ ਉੱਠਦੀ
ਦੋ ਕਦਮ ਤੁਰਿਆਂ ਮਗਰ ਬੈਠ ਜਾਂਦੀ

ਦੁਪਹਿਰੇ ਰੁਕ ਗਏ ਬਿਰਧ ਬੋਹੜ ਹੇਠ
ਸੂਰਜ ਬੋਹੜ ਦੇ ਐਨ੍ਹ ਸਿਰ ’ਤੇ
ਉਹ ਪਿੱਠਾਂ ਜੋੜ ਬੈਠੇ
ਫਿਰ ਵੀ ਇੱਕ ਦੂਏ ਦਾ ਮੁਸਕ੍ਰਾਉਂਦਾ ਮੂੰਹ
ਚੰਗੀ ਤਰ੍ਹਾਂ ਦਿਸਦਾ
ਆਵਾਜ਼ ਸਿਰਫ਼ ਬੋਹੜ ਉਤਲੇ ਜਨੌਰਾਂ ਦੀ

ਸਿਖਰੋਂ ਸੂਰਜ ਬੋਹੜ ਦੀ ਲਹਿੰਦੀ ਵੱਖੀ ਵੱਲ ਸਰਕਿਆ
ਉਹ ਉੱਠ ਤੁਰੇ
ਸੂਰਜ ਦੋਹਾਂ ਨੂੰ ਨਿਹਾਰਦਾ

*Original with;*
Jaswant Singh Zafar
*Digitized by;*
Panjab Digital Library

ਨਾਲ਼-ਨਾਲ਼ ਹੋ ਤੁਰਿਆ
ਸੂਰਜ ਦਾ ਉਹਨਾਂ ਦੇ ਸਾਹਮਣੇ ਹੋ
ਮੱਥੇ ਲੱਗਣ ਨੂੰ ਜੀਅ ਕੀਤਾ
ਉਹਨਾਂ ਦੇ ਦਗਦੇ ਚਿਹਰੇ ਦੇਖ
ਸੂਰਜ ਵੀ ਲਾਲੀ ਫੜਨ ਲੱਗਾ
ਦੋਹਾਂ ਦਾ ਜੀਅ ਕੀਤਾ ਕਿ
ਲਹਿੰਦੇ ਦੀ ਸਾਰੀ ਲਾਲੀ
ਡੀਕ ਕੇ
ਰੱਤ ਵਿੱਚ ਰਚਾ ਲੈਣ
ਇਸ ਵਿਦਾਇਗੀ ਤੋਹਫ਼ੇ ਨਾਲ਼
ਸੂਰਜ ਧਰਤੀ ਦੇ ਦੂਏ ਪਾਸੇ ਚਲਾ ਗਿਆ

ਕੁੜੀ ਨੇ ਚੁੰਨੀ ਸਿਰੋਂ ਲਾਹ
ਮੁੜਕਾ ਪੂੰਝ ਘਾਹ 'ਤੇ ਵਿਛਾ ਦਿੱਤੀ
ਮੁੰਡੇ ਨੇ ਆਪਣੇ ਹੱਥੀਂ
ਤਾਰਿਆਂ ਦੀ ਮੁਕੈਸ਼ ਵਾਲ਼ੀ
ਰਾਤ ਦੀ ਕਾਲ਼ੀ ਚੁੰਨੀ
ਦੋਹਾਂ ਉੱਪਰ ਤਾਣ ਲਈ
ਹੁਣ ਉਹਨਾਂ ਨੂੰ ਇੱਕ ਦੂਏ ਬਿਨ
ਕੋਈ ਹੋਰ ਨਾ ਦਿਸਦਾ
ਪਰ ਰਾਤ ਦੀ ਪਾਰਦਰਸ਼ੀ ਚੁੰਨੀ ਵਿੱਚੋਂ
ਉਹ ਸਭ ਨੂੰ ਦਿਸਦੇ

*Original with:*
Jaswant Singh Zafar
*Digitized by;*
Panjab Digital Library

## ਕੀੜੀ ਦਾ ਆਟਾ

ਐਵੋਲੂਸ਼ਨ ਦਾ ਆਂਡਾ
ਅਸਮਾਨ ਤੋਂ ਧਰਤੀ ਵੱਲ ਡਿੱਗ ਰਿਹਾ
ਅੰਦਰਲਾ ਭਰੂਣ
ਹੌਲ਼ੀ ਹੌਲ਼ੀ ਆਕਾਰ ਗ੍ਰਹਿਣ ਕਰ ਰਿਹਾ
ਧਰਤੀ 'ਤੇ ਟਕਰਾਉਣ ਤੋਂ ਪਹਿਲਾਂ ਉਹ ਚੁਕੰਨਾ ਹੋ
ਲੱਤਾਂ ਸਿੱਧੀਆਂ ਕਰਦਾ
ਅਚਾਨਕ ਧਰਤੀ ਦੇ ਸਖਤ ਤਲ 'ਤੇ ਟਕਰਾਉਂਦਾ
ਖੋਲ ਖਿਲਰ ਜਾਂਦਾ
ਜੋ ਸਿੱਧਾ ਤੇ ਸਾਵਧਾਨ ਖੜ੍ਹਾ ਮੁਸਕ੍ਰਾਉਂਦਾ
ਉਹ ਮੈਂ ਹਾਂ
ਪਰ ਕਿਸ ਥਾਂ?
ਸ਼ਾਇਦ ਗਲੋਬਲ ਪਿੰਡ ਦੇ ਵਿਚਕਾਰ

ਚੁਰਸਤੇ 'ਚ ਬਣੇ ਥੜ੍ਹੇ 'ਤੇ
ਪਿੰਡ ਵਾਸੀ ਮੈਨੂੰ ਦੇਖ ਮੁਸਕ੍ਰਾ ਕੇ ਲੰਘਦੇ
ਪਤਾ ਨਹੀਂ ਮੈਂ ਵੀ
ਇਸ ਪਿੰਡ ਦਾ ਵਸਨੀਕ ਹਾਂ
ਜਾਂ ਓਪਰਾ ਹਾਂ
ਮੈਂ ਲੰਘਣ ਵਾਲਿਆਂ ਨੂੰ ਹੱਥ ਹਿਲਾ

*Original with;*
Jaswant Singh Zafar
*Digitized by;*
Panjab Digital Library

ਬੜੀ ਮਸੂਮੀਅਤ ਨਾਲ਼ ਟਾਟਾ ਕਰੀ ਜਾਂਦਾ
ਮੇਰੇ ਨਾਲ਼ ਦੇ ਮੈਨੂੰ ਲੱਭਦੇ
ਪਿੰਡ ਦੀ ਫਿਰਨੀ 'ਤੇ ਚੱਕਰ ਕੱਟ ਰਹੇ

ਫਿਰਨੀ ਦੇ ਬਾਹਰਲੇ ਪਾਸੇ ਛੱਪੜ 'ਤੇ
ਉਦਾਸ ਤ੍ਰੀਮਤ ਨੇ ਦੀਵਾ ਤਾਰਿਆ
ਹਵਾ ਨਾਲ਼ ਪਾਣੀ ਦਾ ਤਲ ਲਹਿਰਾ ਰਿਹਾ
ਦੀਵੇ ਦੀ ਲਾਟ ਬਚੂੰ ਬਚੂੰ ਕਰਦੀ ਡੋਲਦੀ
ਪਾਣੀ ਨੂੰ ਚਾਅ ਹੈ ਅੱਗ ਸਿਰ 'ਤੇ ਚੁੱਕੀ ਹੋਣ ਦਾ
ਲਾਟ ਦੀ ਡੁੱਬਣ ਮਰਨ ਦੇ ਖਦਸ਼ੇ ਨਾਲ਼
ਜਾਨ ਮੁੱਠੀ ਵਿੱਚ ਹੈ

ਛੱਪੜ ਕੰਢੇ ਠੰਡੀ ਸਿੱਲੀ ਥਾਂਵੇ ਚੂਹਾ ਖੁੱਡ ਪੁੱਟ ਰਿਹਾ
ਉਸ ਨੂੰ ਨਹੀਂ ਪਤਾ ਕਿ
ਬਰਸਾਤ ਆਈ ਤੋਂ ਉਸਦੇ ਘਰ ਵਿੱਚ
ਮਾਰੂ ਪਾਣੀ ਭਰ ਜਾਣਾ ਹੈ
ਉਸ ਨੇ ਘਰ ਦੇ ਬਾਹਰ ਇੱਕ ਤਖ਼ਤੀ ਟੰਗ ਦੇਣੀ ਹੈ
ਜਿਸ ਨੂੰ ਪੜ੍ਹ ਕੇ
ਉਸਦੀਆਂ ਅਗਲੀਆਂ ਪੀੜ੍ਹੀਆਂ ਨੇ
ਕਦੀ ਛੱਪੜ ਕੰਢੇ ਘਰ ਨਹੀਂ ਬਣਾਉਣਾ

ਪਿੰਡ ਦੇ ਦੂਜੇ ਪਾਸੇ
ਪੁਰਾਣੇ ਬੋਹੜ 'ਤੇ ਪੁੱਠਾ ਲਟਕਦਾ ਚਮਗਿਦੜ

*Original with;*
Jaswant Singh Zafar
*Digitized by;*
Panjab Digital Library

ਸੌਂ ਰਿਹਾ
ਉਹ ਆਪਣੇ ਚਿੱਤੋਂ ਸਿੱਧਾ ਲਟਕਦਾ
ਉਸ ਨੂੰ ਬੰਦਿਆਂ ਦੇ
ਪੁੱਠੇ ਪੁੱਠੇ ਸੁਪਨੇ ਆ ਰਹੇ
ਕਿ ਬਹੁਤ ਸਾਰੇ ਬੰਦੇ ਸਿਰ ਭਾਰ ਦੌੜ ਰਹੇ
ਜਿਹਨਾਂ ਦੇ ਪੁੱਠੇ ਪੈਰਾਂ ਨੇ ਅਸਮਾਨ ਥੰਮਿਆ ਹੋਇਆ
ਅਸਮਾਨ ਦੇ ਉਪਰਲੇ ਪਾਰ ਹੀ ਉਲਟਾ ਉੱਗਿਆ
ਇਹ ਬੋਹੜ ਦਾ ਰੁੱਖ
ਜਿਸ 'ਤੇ ਚਿਮਗਿਦੜ ਸਿੱਧਾ ਲਟਕ ਰਿਹਾ
ਚਮਗਿਦੜ ਨੀਂਦ ਵਿੱਚ ਖ਼ੌਫ਼ਜ਼ਦਾ ਹੈ
ਕਿ ਬੰਦੇ ਕਿਤੇ ਆਪਣੇ ਪੈਰਾਂ ਤੋਂ
ਅਸਮਾਨ ਸੁੱਟ ਨਾ ਦੇਣ
ਉਸ ਨੂੰ ਕੀੜੀ ਦਾ ਆਟਾ ਡੁੱਲ੍ਹਣ ਦਾ ਡਰ ਹੈ

•

*Original with;*
Jaswant Singh Zafar
*Digitized by;*
Panjab Digital Library

## ਇੱਕ ਦ੍ਰਿਸ਼

ਗੈਂਡਾ ਸੀ ਇੱਕ ਫੁੰਕਾਰਦਾ
ਕਿੰਨਾ ਕੁਝ ਲਤਾੜਦਾ
ਮੈਨੂੰ ਤੀਰ 'ਤੇ ਮਾਣ ਸੀ
ਜੋ ਗੈਂਡੇ ਵੱਲ ਛੱਡਿਆ
ਭਲਾ ਗੈਂਡੇ ਦੀ ਚਮੜੀ ਵਿੱਚ ਵੀ
ਤੀਰ ਕਦੀ ਹੈ ਖੁੱਭਿਆ

ਨਾਲੇ ਤੀਰ ਤਾਂ ਉਸ ਚਮੜੀ ਨੂੰ
ਛੂਹਿਆ ਤੱਕ ਨਾ
ਉਹ ਤਾਂ ਗੈਂਡੇ ਦੇ ਨੱਕ ਉਤਲੇ
ਸਿੰਗ 'ਤੋਂ ਜਾ ਤਿਲਕਿਆ
ਕੋਲ ਫਿਰਦੇ ਨੰਨੇ ਜਿਹੇ
ਖਰਗੋਸ਼ ਦੇ ਜਾ ਵੱਜਿਆ
ਜ਼ਖ਼ਮੀ ਖਰਗੋਸ਼ ਬੜਾ ਤੜਫਿਆ
ਤੜਫਦੇ ਨੂੰ ਦੇਖ ਕੇ ਮੈਂ ਵਿਲਕਿਆ

ਦੋ ਮਰਨਹਾਕਿਆਂ ਦੇ ਵਿਚਾਲੇ
ਗੈਂਡੇ ਨੇ ਪਾਇਆ ਭੰਗੜਾ
ਨਾਲੇ ਖਿੜ ਖਿੜਾ ਕੇ ਹੱਸਿਆ

*Original with;*
Jaswant Singh Zafar
*Digitized by;*
Panjab Digital Library 

ਗੱਲਾਂ ਤਾਂ ਪਤਾ ਨੇ ਹੋਰ ਵੀ ਬੜੀਆਂ,
ਕਹਿਣ ਦਾ ਸੋਹਣਾ ਤਰੀਕਾ ਸਿਖਾ ਦੇ

ਵੱਖਰੇ ਨਹੀਂ ਦੁੱਖ ਦੁਨੀਆਂ ਤੋਂ ਮੇਰੇ,
ਸਹਿਣ ਦਾ ਸੁੱਚਾ ਸਲੀਕਾ ਸਿਖਾ ਦੇ

•

*Original with;*
Jaswant Singh Zafar
*Digitized by;*
Panjab Digital Library

# ਕੋਵਿਡ ਕਾਲ

*Original with;*
Jaswant Singh Zafar
*Digitized by;*
Panjab Digital Library

## ਹਾਏ ਕਰੋਨਾ

ਮੈਨੂੰ ਲਗਦਾ ਸੀ
ਸਦੀਆਂ ਤੋਂ ਰੁੱਖ ਮੇਰੇ ਲਈ ਖੜ੍ਹੇ
ਪਰ ਮੈਂ ਉਨ੍ਹਾਂ ਲਈ ਨਹੀਂ ਖੜ੍ਹਿਆ

ਮੈਨੂੰ ਲਗਦਾ ਸੀ
ਸਦੀਆਂ ਤੋਂ ਦਰਿਆ ਮੇਰੇ ਲਈ ਵਗਦੇ
ਪਰ ਮੈਂ ਉਨ੍ਹਾਂ ਲਈ ਨਹੀਂ ਵਗਿਆ

ਮੈਨੂੰ ਲਗਦਾ ਸੀ
ਸਦੀਆਂ ਤੋਂ ਹਵਾ ਮੇਰੇ ਲਈ ਰੁਮਕਦੀ
ਪਰ ਮੈਂ ਉਹਦੇ ਲਈ ਕਦੀ ਨਾ ਰੁਮਕਿਆ

ਮੈਨੂੰ ਲਗਦਾ ਸੀ
ਸਦੀਆਂ ਤੋਂ ਫ਼ਸਲਾਂ ਮੇਰੇ ਲਈ ਝੂਮਦੀਆਂ
ਪਰ ਮੈਂ ਉਨ੍ਹਾਂ ਲਈ ਕਦੀ ਨਾ ਝੂਮਿਆ

ਮੈਨੂੰ ਲਗਦਾ ਸੀ
ਸਦੀਆਂ ਤੋਂ ਪੰਛੀ ਮੇਰੇ ਲਈ ਗਾਉਂਦੇ
ਪਰ ਮੈਂ ਉਨ੍ਹਾਂ ਲਈ ਨਹੀਂ ਗਾਇਆ

*Original with;*
Jaswant Singh Zafar
*Digitized by;*
Panjab Digital Library

ਮੈਨੂੰ ਲਗਦਾ ਸੀ
ਸਦੀਆਂ ਤੋਂ ਫੁੱਲ ਮੇਰੇ ਲਈ ਖਿੜਦੇ
ਪਰ ਮੈਂ ਉਹਨਾਂ ਲਈ ਕਦੀ ਨਹੀਂ ਖਿੜਿਆ

ਇਹਨਾਂ ਸਦੀਆਂ ਦੇ ਅੱਕਿਆਂ ਨੇ
ਮਾਂ ਕੁਦਰਤ ਬਾਪ ਕਾਦਰ ਨੂੰ ਰੋਸ ਨਾਲ ਪੁੱਛਿਆ-
ਕੀ ਅਸੀਂ ਸਭ ਬੰਦੇ ਲਈ ਹਾਂ?
ਉਹਨਾਂ ਮੈਨੂੰ ਜ਼ਰਾ ਘੂਰ ਕੇ ਦੇਖਿਆ
ਮੈਂ ਕੁਰਲਾਉਣ ਲੱਗਾ-
ਕਰੋਨਾ, ਹਾਏ ਕਰੋਨਾ
ਹਾਏ ਹਾਏ ਕਰੋਨਾ

•

*Original with;*
Jaswant Singh Zafar
*Digitized by;*
Panjab Digital Library

## ਪ੍ਰਦੂਸ਼ਣ ਕੰਟਰੋਲ

ਕਰੋਨਾ ਦੌਰ ਦੀ ਮੁਲਕ ਬੰਦੀ ਦੇ ਦਿਨ
ਦੁਧੀਆ ਬੱਦਲਾਂ ਨਾਲ਼ ਭਰੇ
ਗੂੜ੍ਹੇ ਨੀਲੇ ਅਸਮਾਨ ਹੇਠ
ਵਗਦੇ ਨੀਲੇ ਦਰਿਆ ਦੀ ਤਸਵੀਰ ਦੇਖ
ਮਾਣ ਹੋਇਆ-
ਮੁਲਕ ਤਾਂ ਆਪਣਾ ਵੀ ਸੋਹਣਾ ਬਹੁਤ

ਸੁਥਰੀ ਸੁੰਦਰਤਾ ਦੀ ਸੁਰੱਖਿਆ ਲਈ
ਹੋਇਆ ਸੀ ਕਦੀ
ਪ੍ਰਦੂਸ਼ਣ ਕੰਟਰੋਲ ਬੋਰਡਾਂ
ਵਾਤਾਵਰਨ ਵਿਭਾਗਾਂ, ਗਰੀਨ ਟ੍ਰਿਬਿਊਨਲ
ਤੇ ਹੋਰ ਕਿੰਨੇ ਕਾਸੇ ਦਾ ਗਠਨ
ਖ਼ੁਦਗਰਜ਼ੀਆਂ ਦੇ ਵਾਇਰਸ ਨੇ ਕੀਤੇ
ਇਹ ਅਸਰ ਵਿਹੂਣੇ
ਸਾਰੇ ਸਾਹ-ਸਤਿ ਹੀਣੇ

ਅੱਕੀ ਹੋਈ ਕੁਦਰਤ ਨੇ
ਇਹਨਾਂ ਸਾਰਿਆਂ ਦਾ ਕੰਮ
ਸਿੱਧਾ ਆਪਣੇ ਹੱਥ ਲੈ ਕੇ ਦੱਸਿਆ-
ਕਿਵੇਂ ਕਰੀਦਾ ਪ੍ਰਦੂਸ਼ਣ ਕੰਟਰੋਲ

*Original with;*
Jaswant Singh Zafar
*Digitized by;*
Panjab Digital Library

ਕਰੋਨਾ ਸਮਝਾਉਣ ਆਇਆ ਸੀ
ਦਰਿਆਵਾਂ ਦੀ ਨਿਰਮਲਤਾ ਚਾਹੁੰਣ ਵਾਲ਼ਿਆਂ ਨੂੰ
ਕਿ ਪ੍ਰਦੂਸ਼ਣਕਾਰੀ ਖ਼ਿਲਾਫ਼
ਧਰਤੀ 'ਤੇ ਫੈਲਣਾ ਪਏਗਾ
ਹੋਣਾ ਪਏਗਾ ਡਰਾਉਣੇ,
ਬੇਕਿਰਕ ਮਾਰੂ ਤੇ ਅਸਰਦਾਰ
ਕਰੋਨਾ ਵਾਇਰਸ ਵਾਂਗ

•

*Original with;*
Jaswant Singh Zafar
*Digitized by;*
Panjab Digital Library

## ਕਰੋਨਾ ਉਤਸਵ

ਨੀਚ ਜਾਤ ਨੇ ਕਰ 'ਤੀ
ਓਹੀ ਘਟੀਆ ਗੱਲ
ਚੰਗਾ ਭਲਾ ਕੋਰੋਨਾ ਉਤਸਵ ਚੱਲ ਰਿਹਾ ਸੀ
ਤਾਲੀ ਬਜਾਈ ਥਾਲ਼ੀ ਬਜਾਈ
ਦੀਵੇ ਜਗਾਏ ਪਟਾਕੇ ਚਲਾਏ
ਫੁੱਲ ਵਰਖਾ ਦੀ ਵਾਰੀ ਸੀ
ਕਰੋਨਾ ਉਤਸਵ ਨੂੰ
ਨਵੀਂ ਸਿਖਰ 'ਤੇ ਲਿਜਾਣ ਦੀ ਤਿਆਰੀ ਸੀ

ਨੀਚ ਜਾਤ ਨੂੰ
ਪਰਵਾਸੀ ਮਜ਼ਦੂਰ ਜਮਾਤ ਨੂੰ
ਬੈਠੇ ਬਿਠਾਏ ਕੀ ਫੁਰੀ
ਹਜ਼ਾਰਾਂ ਮੀਲਾਂ ਦੇ ਸਫ਼ਰ 'ਤੇ
ਕਾਨੂੰਨ ਤੋੜ ਪੈਦਲ ਨਿਕਲ ਤੁਰੀ
ਸੜਕਾਂ 'ਤੇ ਜੰਮਣ ਨੂੰ ਨਿਆਣੇ
ਤੇ ਮਰਨ ਨੂੰ ਪੁਰਾਣੇ ਅੱਧੋਰਾਣੇ
ਕਰੋਨਾ ਉਤਸਵ ਦੇ ਰੰਗ ਵਿੱਚ ਭੰਗ ਪਾਉਣ ਨੂੰ
ਮੀਡੀਆ-ਬੀਰਾਂ ਦਾ ਧਿਆਨ
ਗ਼ਲਤ ਪਾਸੇ ਭਟਕਾਉਣ ਨੂੰ

*Original with;*
Jaswant Singh Zafar
*Digitized by;*
Panjab Digital Library

ਜਿਥੇ ਬੈਠੇ ਸੀ ਸਬਰ ਨਹੀਂ ਸੀ ਕਰ ਹੁੰਦਾ?
ਚੁੱਪ ਚੁਪੀਤੇ ਅੰਦਰੀਂ ਨਹੀਂ ਸੀ ਮਰ ਹੁੰਦਾ?
ਰਹੇ ਨਾ ਨੀਚ ਦੇ ਨੀਚ
ਦੇਸ਼ ਧਰੋਹੀ ਕਿਸੇ ਥਾਂ ਦੇ

•

*Original with;*
Jaswant Singh Zafar
*Digitized by;*
Panjab Digital Library

## ਤੱਤੀ ਤਵੀ ਦਾ ਧਿਆਨ ਧਰਦਿਆਂ

ਵਕਤ ਦੀ ਤੱਤੀ ਤਵੀ 'ਤੇ
ਸੜਦੇ ਭੁੱਜਦੇ ਮਜ਼ਦੂਰੋ
ਮਰਦੇ ਬਜ਼ੁਰਗੋ
ਵਿਲਕਦੇ ਬੱਚਿਓ

ਤੁਹਾਡਾ ਗੁਨਾਹ ਹੈ ਕਿਰਤੀ ਹੋਣਾ
ਇਸ ਸਜ਼ਾ ਲਈ ਇਹ ਗੁਨਾਹ
ਕਾਫ਼ੀ ਹੈ ਅੱਜ ਕੱਲ੍ਹ
ਕਾਨੂੰਨ ਤੋਂ ਨਾਬਰ ਜਾਂ
ਹਕੂਮਤ ਤੋਂ ਬਾਗੀ ਹੋਣ ਦੀ ਸ਼ਰਤ ਨਹੀਂ
ਮੁਲਕ ਬਹੁਤ ਤਰੱਕੀ 'ਤੇ ਹੈ

ਤੁਸੀਂ ਕਿਰਤੀ ਹੋਣ ਦੀ ਬਜਾਏ
ਹੁੰਦੇ ਹਿੰਦੂ ਸਿੱਖ ਜਾਂ ਮੁਸਲਮਾਨ
ਨਹੀਂ ਨਹੀਂ, ਮੁਸਲਮਾਨ ਵੀ ਨਾ ਹੁੰਦੇ
ਅੱਜ ਕੱਲ੍ਹ ਦਾ ਸਰਕਾਰੀ ਹਵਾ ਤੰਤਰ
ਮੁਸਲਮਾਨੀ ਨੂੰ ਸੁੰਘ ਕੇ
ਆਦਮ ਬੋਅ ਆਦਮ ਬੋਅ ਕਰਦਾ ਹੈ

*Original with;*
Jaswant Singh Zafar
*Digitized by;*
Panjab Digital Library

ਕਿਰਤੀ ਹੋਣ ਦੀ ਬਜਾਏ
ਕਰੋਨਾ ਕਾਲ ਦੇ ਹਿੰਦੂ ਜਾਂ ਸਿੱਖ ਹੁੰਦੇ
ਕਿਰਤ ਦੀ ਬਜਾਏ ਕਰਨ ਨਿਕਲੇ ਹੁੰਦੇ
ਦੂਰ ਦੁਰਾਡੇ ਦਰਸ਼ਨ ਦੀਦਾਰੇ
ਜਾਂ ਤੀਰਥ ਯਾਤਰਾ
ਫਿਰ ਤਾਂ ਕਰਦੀਆਂ ਸੈਕੂਲਰ ਸੰਵਿਧਾਨ ਦੀਆਂ ਸਰਕਾਰਾਂ
ਤੁਹਾਨੂੰ ਘਰੀਂ ਪਹੁੰਚਾਉਣ ਲਈ
ਸਪੈਸ਼ਲ ਏ.ਸੀ. ਬੱਸਾਂ ਦਾ ਪ੍ਰਬੰਧ
ਪੂਰੀ ਸ਼ਰਧਾ ਸਹਿਤ

ਵਕਤ ਦੀ ਤੱਤੀ ਤਵੀ 'ਤੇ
ਸੜਦੇ ਭੁੱਜਦੇ ਮਰਦੇ ਮਜ਼ਦੂਰੋ
ਤੁਹਾਡਾ ਕਸੂਰ ਹੈ ਮਜ਼ਦੂਰ ਹੋਣਾ
ਐਨਾ ਕਸੂਰ ਇਸ ਸਜ਼ਾ ਲਈ ਕਾਫ਼ੀ ਹੁਣ
ਦੁਨੀਆ ਤਰੱਕੀ ਕਰ ਗਈ ਹੈ
•

*Original with;*
Jaswant Singh Zafar
*Digitized by;*
Panjab Digital Library

## ਹਾਹਾਕਾਰ

ਸੁਣਿਆ ਮੰਨਿਆ ਸੀ ਕਿ
ਮੌਤ ਜਨਮ ਨੇ ਭੈਣ-ਭਰਾ
ਹਾਜ਼ਰ ਨਾਜ਼ਰ ਸਦਾ ਬਹਾਰ
ਸਾਡਾ ਹੋਣਾ ਜਨਮ ਦੇ ਦਰਸ਼ਨ
ਜੀਉਂਦੇ ਜੀ ਨਾ ਆਪਣੀ ਮੌਤ ਦੇ ਦਰਸ਼ਨ ਹੁੰਦੇ

ਕਰੋਨਾ ਨਾਲ਼ੋਂ ਵੱਧ ਗਿਣਤੀ ਵਿੱਚ
ਸਨ ਮਰਦੇ ਰਹਿੰਦੇ ਲੋਕ
ਹਾਦਸਿਆਂ ਖ਼ੁਦਕੁਸ਼ੀਆਂ ਹਿੰਸਾ ਕਰਕੇ
ਨਹੀਂ ਸੀ ਮੱਚਦੀ ਹਾਹਾਕਾਰ
ਮੌਤ ਕਿਸੇ ਨਾ ਜਾਪੀ ਆਪਣੇ ਵੱਲ ਨੂੰ ਆਉਂਦੀ
ਹੋਰ ਲੋਕਾਂ ਨੂੰ ਮਾਰ
ਉਸ ਦੀ ਤਾਂ ਬੱਸ ਪਿੱਠ ਦਿਸਦੀ ਸੀ
ਪਿੱਠ ਵੱਲੋਂ ਮੌਤ ਤਮਾਸ਼ਾ ਲੱਗੇ

ਕਰੋਨਾ ਗ੍ਰਸਤ ਨੂੰ ਮਾਰ ਕੇ ਐਪਰ
ਮੌਤ ਜਾਪੇ ਆਪਣੇ ਵੱਲ ਆਉਂਦੀ
ਹੁਣ ਉਸ ਦਾ ਸਾਡੇ ਵੱਲ ਚਿਹਰਾ
ਚਿਹਰੇ ਅੱਗੇ ਹਾਹਾਕਾਰ

*Original with;*
Jaswant Singh Zafar
*Digitized by;*
Panjab Digital Library

ਕਰੋਨੇ ਬਦਲ ਦਿੱਤਾ ਹੈ ਸਭ ਲਈ
ਹਾਜ਼ਰ ਨਾਜ਼ਰ ਮੌਤ ਦਾ ਐਂਗਲ
ਹੋਰਾਂ ਤੋਂ ਮੈਂ ਵੱਲ ਨੂੰ ਕੀਤਾ
ਸਭ ਦੀ ਮੈਂ ਹੁਣ ਭੈ-ਭੀਤ ਹੈ
ਭੈ-ਭੀਤਾਂ ਦੀ ਮੈਂ ਮੈਂ ਰਲ਼ਕੇ
ਬਣ ਗਈ ਹਾਹਾਕਾਰ

●●●

*Original with;*
Jaswant Singh Zafar
*Digitized by;*
Panjab Digital Library


*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library

B-089571



ਮੈਂ ਤਾਂ ਮਿਲਾਉਣਾ ਸੀ
ਮਿਲਾ ਦਿੱਤਾ
ਤੁਸੀਂ ਮਿਲਣਾ ਸੀ
ਮਿਲੇ ਕਿਉਂ ਨਹੀਂ ?

A Group of
**Chetna Parkashan**
Ludhiana | Kotkapura | Canada | USA
ISBN 81-960550-9-9
9788196055097

**Meinu Budhu Hona Chahida**

₹ 250/-

Original with;
Jaswant Singh Zafar
Digitized by;
Panjab Digital Library

Cover: Swarnjit Savi